# ਲੋਕਤਾ

ਜੁਲਾਈ - 1987

**July - 1987**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

ਮਾਸਿਕ
# ਲੋਕਤਾ

Price 25¢ Out of Greater Vancouver 50¢

# The Lokta

Monthly Magazine

JULY — 1987 Vol. 11 No. 10 ਜੁਲਾਈ - 1987

?

## ਪਹਿਲਾਂ ਆਇਤਾਂ ਵੰਡੀਆਂ
## ਫਿਰ ਆਸਾ ਦੀ ਵਾਰ ।
## ਕਿਥੇ ਜਾ ਕੇ ਮੁੱਕਣੀ
## ਇਹ ਵੰਡਣ ਦੀ ਕਾਰ ।

ਹਰਭਜਨ ਸ. ਹੁੰਦਲ

(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

LOKTA BOARD

MANAGER
Surjit S. Sohal
271-6728

Asst. Manager
Iqbal Kahlon
588-9658

PUBLISHER
Piara Singh Basi

EDITORIAL BOARD

'Soofi' Amarjit 581-7811
Surinder S. Sangha 588-5217
Mohinder S. Soomel 327-6461
Gurnam Singh Sanghera 325-1662

CIRCULATION

Harkewal S. Dhaliwal 588-4279
Kulwant Singh 594-3986

ADVERTISEMENT

Jasbir Beeka
Amarjit Chatha 325-8006
Ja[illegible]al S. Sandhu

The
# Lokta
P.O.BOX 67534 STN. 'O'
VANCOUVER, B.C. V5W 3T9

Monthly Magazine — 2nd class Mail Reg. No. 6794

JULY — 1987 ਜੁਲਾਈ — 1987 Vol. 11 No. 10

ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ - 25 ਸੈਂਟ

LOKTA REPRESENTATIVE

| | |
|---|---|
| Ranjit S. Sandhu | Williams Lake (392-7405) |
| Surinder S. Johal | Edmonton (461-6073) |
| Nirmal S. Dhindsa | Brampton (453-8149) |
| Lehamber S. Pooni | Toronto (671-2296) |
| Rajinder S. Dhaliwal | Winnipeg (633-5229) |
| Hardev S. Rai | Calgary (293-3467 |
| Hakam S. Hans | Prince Rupert (624-3284 |
| Surjit S. Bopanrai | Quesnel (992-3849) |

## ਕੀ ਕਿੱਥੇ ਹੈ ?


- ਹਰਿਆਣਾ ਚੋਣਾਂ ਤੋਂ ਪਹਿਲਾਂ ਤੇ ਪਿਛੋਂ — 5
- ਦੱਖਣੀ ਕੋਰੀਆ ਦੀ ਡਿਕਟੇਟਰਸ਼ਿਪ ਵਿਰੁਧ — 6
- ਕਾਂਗਰਸ ਦੀ ਹਾਰ ਪਿਛੋਂ — 8
- ਕਾਂਗਰਸ ਦੀ ਜੱਥੇਬੰਦੀ ਤੇ ਵਕਾਰ — 10
- ਗੋਰਬਾਚੋਵ ਦੀ ਇੰਟਰਵੀਊ — 12
- ਈਰਾਨ ਖਾੜੀ ਵਿਚ ਅਮਰੀਕੀ ਮੁਹਿੰਮਬਾਜੀ — 14
- ਕਵਿਤਾਵਾਂ — 16-17
- ਜ਼ਿੰਦਗੀ ਤੇ ਸਾਹਿਤ - 18
- ਬ੍ਰਿਟਿਸ਼ ਕੋਲੰਬੀਆ ਦੀ ਆਰਥਿਕਤਾ — 20
- ਰਾਸ਼ਟਰਪਤੀ ਦੀ ਚੋਣ — 25


•

## ਇਸ ਅੰਕ ਦੇ ਵਿਸ਼ੇਸ਼

13 ਜੁਲਾਈ ਨੂੰ ਭਾਰਤ ਦੇ ਰਾਸ਼ਟਰਪਤੀ ਦੀ ਚੋਣ ਸੰਬੰਧੀ ਕਾਮਰੇਡ ਈ. ਐਮ. ਐਸ. ਨੰਬੂਦਰੀ ਪਾਦ ਦਾ ਇਕ ਲੇਖ ਅਸੀਂ ਪਾਠਕਾਂ ਨੂੰ ਇਸ ਅੰਕ ਵਿਚ ਭੇਟ ਕਰ ਰਹੇ ਹਾਂ

ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

ਸੰਪਾਦਕੀ

# ਕਾਮਾਗਾਟਾ ਮਾਰੂ ਦੀ ਸਪਿਰਟ

ਕਾਮਾਗਾਟਾ ਮਾਰੂ ਜਹਾਜ਼ ਦੀ ਸਪਿਰਟ ਕੈਨੇਡਾ ਦੀ ਨਸਲਵਾਦੀ ਇਮੀਗਰੇਸ਼ਨ ਦੇ ਕਾਲੇ ਚੈਪਟਰ ਨੂੰ ਨੰਗਿਆਂ ਕਰਨ ਵਾਲੀ, ਅੰਗਰੇਜ਼ ਸਾਮਰਾਜ ਦੀਆਂ ਭਾਰਤੀਆਂ ਨੂੰ ਗੁਲਾਮ ਰੱਖਣ, ਵੰਡਣ ਤੇ ਏਜੰਟ ਪੈਦਾ ਕਰਨ ਦੀਆਂ ਨੀਤੀਆਂ ਦੇ ਪਾਜ ਉਘਾੜਨ ਵਾਲੀ ਦੇ ਨਾਲ ਨਾਲ ਭਾਰਤੀ ਲੋਕਾਂ ਦੀ ਏਕਤਾ, ਭਰਾਤਰੀ ਸਦਭਾਵਨਾ ਅਤੇ ਭਾਰਤੀਆਂ ਦੀ ਸਾਂਝੀ ਹੋਣੀ ਨੂੰ ਸਾਂਝੇ ਤੌਰ ਤੇ ਘੜਨ ਦਾ ਚਿੰਨ੍ਹ ਹੈ।

ਕਾਮਾਗਾਟਾ ਮਾਰੂ ਦਾ ਕੈਨੇਡਾ ਨੂੰ ਚਾਲੇ ਪਾਉਣਾ, ਕੈਨੇਡਾ ਦੇ "ਸਿੱਧੇ ਸਫਰ" ਦੇ ਇਮੀਗਰੇਸ਼ਨ ਦੇ ਤਹਿਤ ਸੀ ਪਰ ਨਸਲਵਾਦੀ ਸਰਕਾਰ ਦੇ ਨਸਲਵਾਦੀ ਕਾਨੂੰਨ ਇਸ ਵੰਗਾਰ ਨੂੰ ਅਸਫਲ ਕਰਨਾ ਚਾਹੁੰਦੇ ਸਨ ਤਾਂ ਕਿ ਮੁੜ ਕੋਈ ਕਾਲਾ ਭੂਰਾ ਇਹਨਾਂ ਦੀਆਂ ਇਮੀਗਰੇਸ਼ਨ ਨੀਤੀਆਂ ਨੂੰ ਚੈਲਿੰਜ ਨਾ ਕਰ ਸਕੇ। ਕੈਨੇਡਾ ਦੀ ਹਾਕਮ ਜਮਾਤ ਦਾ ਆਧਾਰ ਲੁੱਟ ਖਸੁੱਟ ਤੇ ਆਦੀ ਵਾਸੀਆਂ ਨੂੰ ਖਤਮ ਕਰਕੇ ਐਂਗਲੋ ਸੈਕਸਨ ਦੀ ਧਾਂਕ ਜਮਾਉਣ ਦੇ ਨਾਲ ਨਾਲ ਇਹ ਜ਼ਹਿਰੀਲਾ ਪ੍ਰਚਾਰ ਭੀ ਸਿਰ ਵਿਚ ਪਾਉਣਾ ਸੀ ਕਿ ਚਿੱਟਿਆਂ ਤੇ ਆਦੀ ਵਾਸੀਆਂ ਦਾ ਆਪਸੀ ਕੋਈ ਮੇਲ ਨਹੀਂ। ਇਸ ਹੀ ਤਰ੍ਹਾਂ ਭਾਰਤੀਆਂ, ਚੀਨਿਆਂ ਤੇ ਜਾਪਾਨੀਆਂ ਨੂੰ ਭੀ ਆਮ ਲੋਕਾਂ ਦੀ ਰੁਜ਼ਗਾਰ ਤੇ ਜੀਵਨ ਲਈ ਖਤਰੇ ਦੇ ਤੌਰ ਤੇ ਪੇਸ਼ ਕੀਤਾ। ਹਾਕਮ ਜਮਾਤ ਤਾਂ ਮਜ਼ਦੂਰ ਦੀ ਏਕਤਾ ਤੋਂ ਡਰਦੀ ਹੈ ਅਤੇ ਉਸ ਦੀ ਏਕਤਾ ਨੂੰ ਭੰਗ ਕਰਨ ਲਈ ਉਹਨਾਂ ਨੂੰ ਵੰਡਣ ਦੇ ਦਾਅ ਪੇਚ ਘੜਦੀ ਹੈ। ਵੰਡੀਆਂ ਪਾਉਣ ਲਈ ਧਰਮ, ਜਾਤ, ਇਲਾਕਾ, ਰੰਗ, ਨਸਲ, ਮੂਲ ਪਿਛੋਕੜ ਤੇ ਪਿਤਰੀ ਦੇਸ਼ ਆਦਿ ਨੂੰ ਵਰਤਣਾ ਸੌਖਾ ਹੈ ਅਤੇ ਬੜੇ ਸਫਲਤਾ ਨਾਲ ਵਰਤਿਆ ਜਾ ਰਿਹਾ ਹੈ। ਕਨੇਡਾ ਦਾ ਅੰਗਰੇਜ਼ ਤੇ ਫਰਾਂਸੀਸੀ ਸਾਮਰਾਜੀਆਂ ਅਧੀਨ ਤੇ ਸਰਮਾਏਦਾਰ ਪ੍ਰਬੰਧ ਅਧੀਨ ਇਤਿਹਾਸ ਨਸਲਵਾਦੀ, ਲੁੱਟ ਮਾਰ, ਆਦੀਵਾਸੀ ਅਸਲੀ ਵਾਰਸਾਂ ਨੂੰ ਖਤਮ ਕਰਨ ਅਤੇ ਲੋਕਾਂ ਨੂੰ ਦਬਾਉਣ ਦਾ ਇਤਿਹਾਸ ਹੈ। ਪਰ ਕਾਮਾਗਾਟਾ ਮਾਰੂ ਦੇ ਸੰਬੰਧ ਵਿਚ ਲੋਕਾਂ ਨੇ ਇਸ ਨੂੰ ਵੰਗਾਰਿਆ ਤੇ ਇਸ ਵਿਰੁੱਧ ਲੜਾਈ ਕੀਤੀ ਜਿਸ ਦੀ ਸਪਿਰਟ ਅਜ ਤੱਕ ਚਲਦੀ ਹੈ ਜਿਸ ਦੇ ਸਿੱਟੇ ਵਜੋਂ ਵੋਟ, ਜਾਇਦਾਦ, ਪਰਿਵਾਰ ਮੰਗਵਾਉਣ ਤੇ ਕੰਮ ਕਾਰ ਦੇ ਅਧਿਕਾਰ ਜਿੱਤੇ। ਕਾਮਾ-ਗਾਟਾ-ਮਾਰੂ ਦੇ ਕੇਸ ਨੂੰ ਕਚਿਹਰੀ ਵਿਚ ਲਿਜਾ ਕੇ ਇਥੇ ਦੇ ਅਮਨ ਕਾਨੂੰਨ ਪ੍ਰਬੰਧਕੀ ਢਾਂਚੇ ਅਤੇ ਜੁਡੀਸ਼ਰੀ ਦੇ ਪਰਦੇ ਫਾਸ਼ ਕੀਤੇ।

ਕਾਮਾ ਗਾਟਾ ਮਾਰੂ ਤੇ ਇਸ ਤੋਂ ਉਤਪਨ ਹੋਈਆਂ ਅਗਲੀਆਂ ਘਟਨਾਵਾਂ ਭੀ ਇਸ ਗੱਲ ਦਾ ਪ੍ਰਤੀਕ ਹਨ ਕਿ ਲੋਕ ਤੇ ਦੇਸ਼ ਵਿਰੋਧੀ ਸਾਮਰਾਜੀਆਂ ਤੇ ਸਰਮਾਏਦਾਰ ਹਾਕਮਾਂ ਦੀਆਂ ਚਾਲਾਂ ਤੋਂ ਬਚੋ। ਸਗੋਂ ਉਹਨਾਂ ਦੇ ਮੰਤਵ ਨੂੰ ਸਮਝ ਕੇ ਨੰਗਾ ਕਰੋ। ਇਥੇ ਦੇ ਹਾਕਮਾਂ ਨੇ ਜਹਾਜ਼ ਦੇ ਵਿਚ ਅਤੇ ਬਾਹਰ ਏਜੰਟ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਧਰਮ ਦੇ ਨਾਮ ਤੇ ਵੰਡਣ ਦੀ ਭੀ। ਪਰ ਇਹ ਸਕੀਮਾਂ ਲੋਕਾਂ ਵਿਚ ਕਾਟ ਨਾ ਕਰ ਸਕੀਆਂ ਕਿਉਂਕਿ ਲੋਕਾਂ ਵਿਚ ਚੇਤਨਤਾ ਸੀ ਤੇ ਉਹਨਾਂ ਨੂੰ ਸਮਝ ਸੀ ਕਿ ਵੱਖੋ ਵੱਖਰੇ ਧਰਮ ਦੇ ਹੁੰਦੇ ਹੋਏ ਭੀ ਉਹਨਾਂ ਦੇ ਅਸਲੀ ਹਿਤ ਸਾਂਝੇ ਹਨ। ਉਹ ਜਾਣਦੇ ਸਨ ਕਿ ਧਰਮ ਤਾਂ ਇਨਸਾਨ ਦੀ ਆਪ ਸਾਜੀ ਸੰਸਥਾ ਹੈ ਅਤੇ ਸਿਰਫ ਅੰਦਰਲੇ ਮਨ ਤੇ ਰੂਹਾਨੀਅਤ ਲਈ ਹੈ ਤੇ ਇਸ ਦਾ ਸਿਆਸਤ ਤੋਂ ਵੱਖਰੇ ਹੋਣਾ ਤੇ ਰਖਣਾ ਜ਼ਰੂਰੀ ਹੈ ਭਾਵੇਂ ਕਿ ਹਾਕਮ ਜਮਾਤਾਂ, ਸਾਮਰਾਜੀ ਬਸਤੀਵਾਦੀ ਅਤੇ ਫਿਰਕੂ ਜਨੂੰਨੀ ਇਸ ਨੂੰ ਆਪਣੇ ਲਾਭਾਂ ਲਈ ਵਰਤਦੇ ਹਨ। ਜਨਮ ਸਮੇਂ ਇਨਸਾਨ ਦਾ ਕੋਈ ਧਰਮ ਤੇ ਜਾਤ ਆਦਿ ਨਹੀਂ ਹੁੰਦੀ। ਗਦਰੀ ਬਾਬਿਆਂ ਨੇ ਆਪਣੇ ਗਦਰ ਪਾਰਟੀ ਦੇ ਵਿਧਾਨ ਵਿਚ ਸਾਫ ਅੰਕਿਤ ਕੀਤਾ ਕਿ ਧਰਮ ਨੂੰ ਰਾਜਨੀਤੀ ਅਤੇ ਪ੍ਰਬੰਧ ਵਿਚ ਦਖਲ ਨਹੀਂ ਦੇਣ ਦਿੱਤਾ ਜਾਵੇਗਾ। ਕਾਮਾਗਾਟਾ ਦੇ ਹਿੰਦੂ, ਸਿੱਖ, ਮੁਸਲਮ ਮੁਸਾਫਰਾਂ ਨੇ ਅਤੇ ਜਹਾਜ਼ ਤੋਂ ਬਾਹਰੋਂ ਭੀ ਹਰ ਇਕ ਨੇ ਦਰਿੜ੍ਹ ਏਕਤਾ ਤੇ ਭਰਾਤਰੀ ਸਦ ਭਾਵਨਾ ਨਾਲ ਇਕ ਦੂਜੇ ਦੀ ਮੱਦਦ ਅਤੇ ਸਾਮਰਾਜੀਆਂ ਦਾ ਟਾਕਰਾ ਕੀਤਾ। ਇਸ ਹੀ ਤਰ੍ਹਾਂ ਬਜ ਬਜ ਘਾਟ ਤੇ ਹੋਇਆ। ਆਪਸੀ ਵੰਡ ਨਾਲ ਕਮਜ਼ੋਰੀ ਆਉਂਦੀ, ਮਸਲੇ ਤੋਂ ਭਟਕ ਜਾਂਦੇ ਤੇ ਅਸਲੀ ਦੁਸ਼ਮਣ ਭੁਲ ਜਾਂਦਾ ਹੈ ਜਿਸ ਨਾਲ ਲੋਕਾਂ ਦੇ ਤੇ ਦੇਸ਼ ਦੇ ਦੁਸ਼ਮਣ ਨੂੰ ਲਾਭ ਹੁੰਦਾ ਹੈ ਜਿਵੇਂ ਅਜ ਪੰਜਾਬ ਵਿਚ ਅਤਿਵਾਦੀ ਵਖਵਾਦੀ ਬੰਗਾਲ ਵਿਚ ਕੁਝ ਨਾਮਨਿਹਾਦ ਗੋਰਖੇ ਤੇ ਆਸਾਮ ਤੇ ਤਰੀਪੁਰਾ ਆਦਿ ਵਿਚ ਇਹ ਸਾਮਰਾਜੀ ਏਜੰਟ ਮੁੜ ਦੇਸ਼ ਨੂੰ ਤੋੜਨ ਅਤੇ ਅਸਥਿਰ ਕਰਨ ਵਲ ਤੁਰੇ ਹੋਏ ਹਨ। ਸਾਮਰਾਜੀਆਂ ਦੇ ਇਸ਼ਾਰੇ ਤੇ ਨੱਚਣ ਵਾਲੇ ਪੰਜਾਬ ਵਿਚ ਦੇ ਅਤਿਵਾਦੀ ਵੱਖਵਾਦੀ ਭਾਈਚਾਰੇ ਅਖੰਡਤਾ ਅਤੇ ਆਜ਼ਾਦੀ ਨੂੰ ਖਤਰਾ ਪੈਦਾ ਕਰਨ ਲਈ ਬਦੇਸ਼ੀਆਂ ਦੇ ਹੱਥ ਠੋਕੇ ਦੇ ਤੌਰ ਤੇ ਕੰਮ ਕਰ ਰਹੇ ਹਨ।

ਇਸ ਤਰ੍ਹਾਂ ਦੇ ਏਜੰਟਾਂ ਨੂੰ ਉਸ ਸਮੇਂ ਭਾਂਜ ਦਿੱਤੀ ਗਈ ਅਤੇ ਜਿਸ ਅਖੰਡਤਾ, ਏਕਤਾ ਤੇ ਆਜ਼ਾਦੀ ਲਈ ਕਾਮਾਗਾਟਾ ਮਾਰੂ ਤੇ ਗਦਰੀ ਬਾਬਿਆਂ ਨੇ ਸੰਗਰਾਮ ਕੀਤਾ ਅਜ ਉਸ ਨੂੰ ਹੀ ਖਤਰਾ ਹੈ ਭਾਵ ਉਸ ਇਸ਼ਟ ਮੰਤਵ, ਪ੍ਰਾਪਤੀ, ਸਪਿਰਟ ਨੂੰ ਖਤਰਾ ਹੈ। ਇਹਨਾਂ ਨੇ ਇਥੇ ਭੀ ਉਹ ਕੁਕਰਮੀ ਵੰਡਾਂ ਪਾਉਣ ਦੀ ਅਸਫਲ ਕੋਸ਼ਿਸ਼ ਕੀਤੀ ਹੈ ਅਤੇ ਵੈਨਕੂਵਰ ਕੌਂਸਲ ਅਤੇ ਬੀ ਸੀ ਅਸੰਬਲੀ ਚੋਣਾਂ ਵਿਚ ਭੀ ਵੰਡ ਰਾਹੀਂ ਅਤਿ ਪਿਛਾਖੜ ਦਾ ਸਾਥ ਦਿੱਤਾ ਜਿਸ ਦੇ ਨਤੀਜੇ ਵੈਨਕੂਵਰ ਵਿਚ ਬੇਸਮੈਂਟਾਂ ਦਾ ਮਸਲਾ ਅਤੇ ਬੀ ਸੀ ਹਕੂਮਤ ਦੇ ਬਿਲ 19 ਅਤੇ 20 ਸਾਹਮਣੇ ਹੈ।

ਅਜ ਕਾਮਾਗਾਟਾ ਮਾਰੂ ਦੀ ਸਪਿਰਟ ਵੰਗਾਰਦੀ ਹੈ ਕਿ ਉਹਨਾਂ ਦੇ ਇਸ਼ਟ, ਸਪਿਰਟ, ਪਾਏ ਪੂਰਨਿਆਂ ਅਤੇ ਕੁਰਬਾਨੀਆਂ ਨੂੰ ਖਤਰਾ ਹੈ ਅਤੇ ਬਚਾਉਣ ਲਈ ਪੁਕਾਰਦੀ ਹੈ। ਉਹ ਚਿੰਨ ਤੇ ਸਪਿਰਟ ਆਖ ਰਹੇ ਹਨ ਕਿ ਸਮਝੋ, ਸੰਭਲੋ ਤੇ ਉਠੋ ਤਾਂ ਕਿ ਨਸਲਵਾਦ ਤੇ ਵੰਡਾਂ ਵਿਰੁਧ ਲੜਾਈ ਕਰੀਏ, ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਹਰਾਈਏ ਅਤੇ ਭਾਰਤ ਦੀ ਏਕਤਾ, ਅਖੰਡਤਾ ਤੇ ਆਜ਼ਾਦੀ ਨੂੰ ਹਰ ਤਰ੍ਹਾਂ ਕਾਇਮ ਰੱਖਣ ਵਿਚ ਹਿੱਸਾ ਪਾਈਏ।

# ਫੀਜ਼ੀ ਵਿਚ ਫੌਜੀ ਰਾਜ ਪਲਟਾ

ਫੀਜ਼ੀ ਇਕ ਛੋਟਾ ਜਿਹਾ ਟਾਪੂ ਹੈ ਜਿਥੇ ਭਾਰਤੀ ਮੂਲ ਦੇ ਲੋਕ ਅਤੇ ਫੀਜ਼ੀ ਦੇ ਮਿਲਨੇਸ਼ੀਅਨ ਲੋਕ ਰਹਿੰਦੇ ਹਨ ਅਤੇ ਕਾਫੀ ਸਮੇਂ ਤੋਂ ਇਕੱਠੇ ਹੀ ਬੜੇ ਪ੍ਰੇਮ ਤੇ ਸਹਿਯੋਗ ਨਾਲ ਰਹਿੰਦੇ ਰਹੇ ਹਨ। ਕਾਫੀ ਸਮੇਂ ਤੋਂ ਹਾਕਮ ਪਾਰਟੀ ਰਾਜ ਕਰਦੀ ਰਹੀ ਹੈ ਅਤੇ ਅਮਰੀਕੀ ਸਾਮਰਾਜੀਆਂ ਨਾਲ ਚੰਗੇ ਸੰਬੰਧ ਰਹੇ ਹਨ। ਇਸ ਤੋਂ ਪਹਿਲਾਂ ਉਹ ਬਰਤਾਨਵੀ ਸਾਮਰਾਜੀਆਂ ਦੇ ਅਧੀਨ ਸੀ ਅਤੇ ਇਸ ਨੂੰ ਉਨਤ ਕਰਨ ਅਤੇ ਆਪਣੇ ਹਿਤਾਂ ਨੂੰ ਪਾਲਣ ਲਈ ਭਾਰਤ ਵਿਚੋਂ ਮਜ਼ਦੂਰਾਂ ਨੂੰ ਉਥੇ ਲਿਜਾਇਆ ਗਿਆ ਜੋ ਪਿਛੋਂ ਉਥੇ ਹੀ ਪੱਕੇ ਤੌਰ ਤੇ ਰਹਿਣ ਲੱਗੇ। ਪਿਛੋਂ ਕੁਝ ਇਮੀਗਰੇਸ਼ਨ ਭੀ ਹੋਈ। ਆਦੀਵਾਸੀਆਂ ਅਤੇ ਭਾਰਤੀ ਮੂਲ ਦੇ ਲੋਕਾਂ ਦੀ ਵਸੋਂ ਗਿਣਤੀ ਵਿਚ ਤਕਰੀਬਨ ਬਰਾਬਰ ਹੈ (ਸਿਰਫ ਦੋ ਫੀਸਦੀ ਦੇ ਫਰਕ ਨਾਲ ਭਾਰਤੀ ਮੂਲ ਦੇ ਲੋਕ ਜ਼ਿਆਦਾ ਹਨ)। ਅਗੇ ਕਦੇ ਕੋਈ ਗੜਬੜ ਨਹੀਂ ਹੋਈ। ਹੁੰਦੀ ਭੀ ਕਿਵੇਂ — ਕਿਉਂਕਿ ਧਰਮ, ਜਾਤ, ਮੂਲ ਤੇ ਰੰਗ ਆਦਿ ਦੇ ਆਧਾਰ ਤੇ ਫਸਾਦ ਕਰਾਉਣੇ ਤੇ ਲੋਕਾਂ ਨੂੰ ਵੰਡ ਕੇ ਕਮਜ਼ੋਰ ਕਰਨ ਦਾ ਕੰਮ ਤਾਂ ਸੱਜ ਪਿਛਾਖੜ ਤੇ ਪਿਛੇ ਖਿਚੂਆਂ ਦੇ ਕਿਰਦਾਰ ਦਾ ਹਿੱਸਾ ਹੈ। ਜਦੋਂ ਪਿਛੇ ਖਿਚੂ ਲੋਟੂ ਹਾਕਮਾਂ ਦੀ ਗੱਦੀ ਅਤੇ ਲਾਭਾਂ ਨੂੰ ਖਤਰਾ ਹੁੰਦਾ ਹੈ ਤਾਂ ਫਿਰ ਲੋਕਾਂ ਵਿਚ ਫੁਟ ਦੇ ਸਾਧਨ ਲੱਭੇ ਜਾਂਦੇ ਹਨ ਅਤੇ ਜੇਕਰ ਵੋਟਾਂ ਨਾਲ ਅਗਾਂਹਵਧੂ ਅੱਗੇ ਆ ਜਾਣ ਤਾਂ ਰਾਜ ਪਲਟੇ ਕਰਾਉਣ ਲਈ ਅਮਰੀਕੀ ਸਾਮਰਾਜ ਤੱਤਪਰ ਰਹਿੰਦਾ ਹੈ।

ਪਹਿਲਾਂ ਅਮਰੀਕੀ ਸਾਮਰਾਜ ਪੱਖੀ ਪਾਰਟੀ ਦੀ ਹਕੂਮਤ ਸੀ ਜਿਸ ਨਾਲ ਅਮਰੀਕਾ ਨੂੰ ਹਰ ਸਹੂਲਤ ਮਿਲ ਸਕਦੀ ਸੀ ਅਤੇ ਲੋੜ ਪੈਣ ਤੇ ਆਪਣਾ ਕੰਮ ਕਰਾ ਸਕਦਾ ਸੀ। ਇਹ ਸੱਜ ਪਿਛਾਖੜੀ ਫਿਜ਼ੀਅਨ ਅਲਾਇੰਸ ਪਾਰਟੀ ਪਿਛਲੇ ਦੋ ਦਹਾਕਿਆਂ ਤੋਂ ਰਾਜ ਕਰ ਰਹੀ ਸੀ।

ਅਮਰੀਕੀ ਸੀ. ਆਈ. ਏ. ਸਰਗਰਮ ਸੀ। ਚੋਣਾਂ ਦੇ ਦੌਰਾਨ ਤਾਂ ਇਹ ਹਰ ਦੇਸ਼ ਵਿਚ ਸਰਗਰਮ ਹੁੰਦੀ ਹੈ ਅਤੇ ਅਗੋਂ ਪਿਛੋਂ ਕਤਲ, ਫਸਾਦ ਕਰਾਉਣ ਆਦਿ ਵਿਚ ਹਿਸਾ ਪਾਉਂਦੀ ਹੈ ਜਿਵੇਂ ਹੁਣ ਭਾਰਤ ਵਿਚ ਕਰਵਾ ਰਹੀ ਹੈ। ਅਮਰੀਕਾ ਹਰ ਦੇਸ਼ ਦੀ ਹਕੂਮਤ ਨੂੰ ਆਪਣੇ ਪੱਖ ਵਿਚ ਚਾਹੁੰਦਾ ਹੈ ਅਤੇ ਜੋ ਨਹੀਂ, ਉਹ ਦੁਸ਼ਮਣ ਹੈ ਤੇ ਉਸ ਵਿਰੁਧ ਹਰ ਹਰਬਾ ਵਰਤਦਾ ਤੇ ਘਿਨਾਉਣੀਆਂ ਸਾਜ਼ਸ਼ਾਂ ਕਰਦਾ ਹੈ।

ਫੀਜ਼ੀ ਦੇ ਇਸ ਚੋਣ ਵਿਚ ਸਾਮਰਾਜ ਪੱਖੀ ਫੀਜ਼ੀਅਨ ਅਲਾਇੰਸ ਪਾਰਟੀ ਹਾਰ ਗਈ ਅਤੇ ਲੇਬਰ ਪਾਰਟੀ ਤੇ ਨੈਸ਼ਨਲ ਫੈਡਰੇਸ਼ਨ ਪਾਰਟੀ ਦੇ ਗੱਠਜੋੜ ਦੀ ਸਾਂਝੀ ਸਲੇਟ ਜਿੱਤ ਗਈ। ਪਰ ਇਹ ਗੱਲ ਅਮਰੀਕਾ ਨੂੰ ਜ਼ਹਿਰ ਜਾਪੀ ਕਿਉਂਕਿ ਇਸ ਨਾਲ ਅਮਰੀਕਾ ਦੀਆਂ ਫੌਜੀ ਚਾਲਾਂ ਲਈ ਅੱਡੇ ਤੇ ਚਾਲਾਂ ਲਈ ਅੜਿਕਾ ਪੈਣਾ ਸੀ। ਸੋ ਅਮਰੀਕੀ ਸੀ ਆਈ ਏ ਨੇ ਇਕ ਦਮ ਸਾਮਰਾਜ ਪੱਖੀ ਫੀਜ਼ੀਅਨ ਅਲਾਇੰਸ ਪਾਰਟੀ ਦੇ ਫੌਜੀ ਕਰਨਲ ਰਾਬੂਕਾ ਤੋਂ ਫੌਜੀ ਰਾਜ ਪਲਟਾ ਕਰਵਾ ਦਿੱਤਾ ਅਤੇ ਜਮਹੂਰੀ ਢੰਗ ਨਾਲ ਜਿੱਤੀ ਹੋਈ ਸਰਕਾਰ ਖਤਮ ਕਰਵਾ ਦਿੱਤੀ ਠ ਅਮਰੀਕੀ ਸਾਮਰਾਜ ਨੇ ਫਿਰ ਫੀਜ਼ੀਅਨ ਆਦੀਵਾਸੀਆਂ ਅਤੇ ਭਾਰਤੀ ਮੂਲ ਦੇ ਲੋਕਾਂ ਵਿਚਕਾਰ ਫਸਾਦ ਕਰਵਾਏ ਤਾਂ ਕਿ ਮੁੜ ਸ਼ਾਂਤੀ ਹੋਣੀ ਔਖੀ ਹੋ ਜਾਏ ਅਤੇ ਲੋਕ ਵੰਡੇ ਜਾਣ ਜਿਸ ਨਾਲ ਪਿਛੋਖਿਚੂ ਟੋਲੇ ਨੂੰ ਸੌਖ ਰਹੇਗੀ ਅਤੇ ਅਮਰੀਕੀ ਸਾਜ਼ਸ਼ ਸਫਲ ਰਹੇ। ਫਿਜ਼ੀ ਦੇ ਵਿਧਾਨ ਅਨੁਸਾਰ ਵੋਟਾਂ ਨਾਲ ਚੁਣੀ ਹੋਈ ਸਰਕਾਰ ਨੂੰ ਅਮਰੀਕੀ ਸਾਮਰਾਜ ਵਲੋਂ ਵਿਉਂਤਬੰਦੀ ਨਾਲ ਤੜਾਉਣਾ ਇਕ ਵਾਰ ਫਿਰ ਇਹਨਾਂ ਦੇ ਢੌਂਗ ਦਾ ਪੋਲ ਖੋਲ੍ਹਦਾ ਹੈ। ਇਕ ਪਾਸੇ ਲੋਕਾਂ ਨੂੰ ਗੁਮਰਾਹ ਕਰਨ ਲਈ ਜਮਹੂਰੀਅਤ, ਮਨੁੱਖੀ ਹੱਕ ਤੇ ਆਜ਼ਾਦੀ ਦੇ ਪਾਖੰਡੀ ਨਾਅਰੇ ਪਰ ਦੂਜੇ ਪਾਸੇ ਹਰ ਫੌਜੀ ਡਿਕਟੇਟਰ, ਨੀਮ ਫਾਸ਼ੀ ਹਕੂਮਤਾਂ, ਨਸਲਵਾਦੀਆਂ ਅਤੇ ਲੋਕ ਵਿਰੋਧੀ ਹਕੂਮਤਾਂ ਦੀ ਡਟ ਕੇ ਮੱਦਦ ਕਰਦਾ ਹੈ। ਅਗੇ ਗਰਨੇਡਾ ਉਪਰ ਸਿਧਾ ਹਮਲਾ ਕਰਕੇ ਆਪਣੀ ਕਠਪੁਤਲੀ ਹਕੂਮਤ ਬਣਾਈ। ਹੁਣ ਸਾਫ ਤੌਰ ਤੇ ਜਮਹੂਰੀ ਢੰਗ ਨਾਲ ਚੁਣੀ ਹੋਈ ਸਰਕਾਰ ਨੂੰ ਫੌਜੀ ਪਲਟੇ ਰਾਹੀਂ ਉਲਟਾ ਕੇ ਹੋਰ ਸਪਸ਼ਟ ਕੀਤਾ ਹੈ ਕਿ ਅਮਰੀਕੀ ਸਾਮਰਾਜ ਲੋਕ ਹਿਤਾਂ, ਆਜ਼ਾਦੀ ਤੇ ਜਮਹੂਰੀਅਤ ਦੇ ਵਿਰੁੱਧ ਹਰ ਜਾਰਹਾਨਾ ਕਾਰਵਾਈ ਤੇ ਧੱਕੇਸ਼ਾਹੀ ਕਰਨ ਤੋਂ ਪਰਹੇਜ਼ ਨਹੀਂ ਕਰੇਗਾ। ਸੋ ਅਮਰੀਕੀ ਸਾਮਰਾਜ ਨੂੰ ਲੋਕਾਂ ਵਿਚ ਨੰਗਿਆਂ ਕਰੋ। ਨਿਖੇੜੋ ਅਤੇ ਫੀਜ਼ੀਅਨ ਦੀ ਜਮਹੂਰੀ ਢੰਗ ਨਾਲ ਚੁਣੀ ਸਰਕਾਰ ਦੀ ਬਹਾਲੀ ਲਈ ਆਵਾਜ਼ ਉਠਾਉ।

# ਬੇਗੁਨਾਹਾਂ ਦੇ ਬੇਰਹਿਮ ਕਤਲ

ਖਾਲਿਸਤਾਨੀ ਅਤਿਵਾਦੀਆਂ ਵਲੋਂ 6 ਅਤੇ 7 ਜੁਲਾਈ ਨੂੰ ਬੇਗੁਨਾਹੇ 72 ਬੱਸ ਮੁਸਾਫਰਾਂ ਦੇ ਕਤਲ ਦੀ ਖਬਰ ਨੇ, ਇਕ ਵਾਰ ਫਿਰ ਇਨਸਾਨੀਅਤ ਨੂੰ ਝੰਜੋੜ ਦਿੱਤਾ ਹੈ। ਸਾਮਰਾਜੀਆਂ ਦੇ ਇਸ਼ਾਰਿਆਂ ਉਪਰ, ਭਾਰਤ ਵਿਚ ਅਸਥਿਰਤਾ ਪੈਦਾ ਕਰਨ ਅਤੇ ਭਾਰਤ ਦੀ ਅਖੰਡਤਾ ਨੂੰ ਖਤਰਾ ਪੈਦਾ ਕਰਨ ਵਾਲੇ ਇਹ ਵੱਖਵਾਦੀ ਤੱਤ ਭਾਵੇਂ ਆਮ ਲੋਕਾਂ ਦੀ ਨਫਰਤ ਦਾ ਨਿਸ਼ਾਨਾ ਬਣ ਚੁੱਕੇ ਹਨ, ਪ੍ਰੰਤੂ ਉਹ ਆਪਣੀਆਂ ਗੈਰ-ਮਨੁੱਖੀ ਕਤਲੋ-ਗਾਰਤ ਦੀਆਂ ਕਾਰਵਾਈਆਂ ਲਗਾਤਾਰ ਜਾਰੀ ਰੱਖ ਰਹੇ ਹਨ।

ਪਿਛਲੇ ਸਮੇਂ ਵਿਚ ਬਰਨਾਲਾ ਸਰਕਾਰ ਨੂੰ ਬਰਖਾਸਤ ਕਰਨ ਤੋਂ ਪਹਿਲਾਂ ਪੰਜਾਬ ਵਿਚ ਜੋ ਸਰਬ-ਪਾਰਟੀ ਮੁਹਿੰਮ, ਅਤਿਵਾਦੀਆਂ ਵਿਰੁਧ ਲੋਕ ਰਾਏ ਉਭਾਰਨ ਲਈ ਆਰੰਭੀ ਗਈ ਸੀ, ਨਿਰਸੰਦੇਹ ਉਸ ਨੇ ਆਮ ਲੋਕਾਂ ਵਿਚ ਬੜਾ ਹੀ ਅਸਰ ਛੱਡਿਆ ਹੈ। ਇਸ ਸਰਬ ਪਾਰਟੀ ਮੁਹਿੰਮ ਵਿਚ ਕਾਂਗਰਸ -ਅਕਾਲੀ ਆਮ ਲੋਕਾਂ ਤੱਕ ਨਹੀਂ ਜਾ ਸਕੇ, ਜਦੋਂ ਕਿ ਸੀ. ਪੀ. ਆਈ. (ਮ) ਅਤੇ ਸੀ. ਪੀ. ਆਈ. ਨੇ ਪੰਜਾਬ ਦੇ ਲਗਪਗ ਹਰ ਪਿੰਡ-ਸ਼ਹਿਰ ਵਿਚ ਜਲਸੇ ਕੀਤੇ, ਜਲੂਸ ਕੱਢੇ, ਜਿਨ੍ਹਾਂ ਦੀ ਸਿਖਰ, ਲੌਂਗੋਵਾਲ, ਲੁਧਿਆਣਾ, ਖਟਕੜ ਕਲਾਂ ਤੇ ਹੁਸੈਨੀਵਾਲਾ ਸੀ ਇਨ੍ਹਾਂ ਵੱਡੇ ਸਦਭਾਵਨਾ ਸਮਾਗਮਾਂ ਤੋਂ ਪਿਛੋਂ ਸਿਰਫ ਕਮਿਊਨਿਸਟ ਹੀ ਮੈਦਾਨ ਵਿਚ ਰਹਿ ਗਏ, ਜਿਨ੍ਹਾਂ ਨੇ ਆਪਣੀਆਂ ਜਾਨਾਂ ਹੂਲ ਕੇ ਦੇਸ਼ ਧ੍ਰੋਹੀਆਂ ਵੱਖਵਾਦੀਆਂ ਵਿਰੁਧ ਆਪਣੀ ਮੁਹਿੰਮ ਸਗਵਾਂ ਤੇਜ਼ ਕਰ ਦਿੱਤੀ। ਹੋਰਨਾਂ ਕਮਿਊਨਿਸਟ ਆਗੂਆਂ ਅਤੇ ਵਰਕਰਾਂ ਤੋਂ ਬਿਨਾਂ ਪਿਛਲੇ ਦਿਨਾਂ ਵਿਚ ਨੌਜੁਆਨ ਕਮਿਊਨਿਸਟ ਆਗੂ ਦੀਪਕ ਧਵਨ ਦੀ ਸ਼ਹਾਦਤ ਨੇ ਇਨ੍ਹਾਂ ਲੋਕ ਦੁਸ਼ਮਣ ਤੱਤਾਂ ਵਿਰੁੱਧ ਹੋਰ ਵੀ ਰੋਹ ਨੂੰ ਭੜਕਾਇਆ।

ਇਹ ਵੱਖਵਾਦੀ ਸਾਮਰਾਜੀ ਏਜੰਟ ਭਾਵੇਂ ਵੱਡੇ ਸੂਰਮੇਂ ਹੋਣ ਦੇ ਦਾਈਏ ਕਰਦੇ ਹਨ, ਪ੍ਰੰਤੂ ਇਹ ਬੁਜ਼ਦਿਲ-ਕਮੀਨੇ ਹਨ, ਜੋ ਬੇਗੁਨਾਹ ਬੇਹਥਿਆਰੇ ਲੋਕਾਂ ਉਪਰ ਮਸ਼ੀਨਗੰਨਾਂ ਨਾਲ ਗੋਲੀਆਂ ਵਰ੍ਹਾਉਂਦੇ ਹਨ।

ਪੰਜਾਬ ਵਿਚ ਰਾਸ਼ਟਰਪਤੀ ਰਾਜ ਦੇ ਦੌਰਾਨ ਅਨੇਕਾਂ ਅਤਿਵਾਦੀ ਫੜੇ ਜਾ ਚੁਕੇ ਹਨ, ਹੋਰ ਕਈ ਪੁਲਸ ਮੁਕਾਬਲਿਆਂ ਵਿਚ ਮਾਰੇ ਜਾ ਚੁਕੇ ਹਨ, ਫਿਰ ਵੀ ਇਨ੍ਹਾਂ ਦੇ ਕੁਝ ਟੋਲੇ ਬੇਰਹਿਮੀ ਨਾਲ ਲੋਕਾਂ ਨੂੰ ਕਤਲ ਕਰ ਰਹੇ ਹਨ। ਕੀ ਇਸ ਤਰ੍ਹਾਂ ਇਨ੍ਹਾਂ ਦੇ ਮਨੋਰਥ ਪੂਰੇ ਹੋ ਰਹੇ ਹਨ? ਇਕ ਤਰ੍ਹਾਂ ਤਾਂ ਇਹ ਇਨ੍ਹਾਂ ਕਾਤਲਾਨਾ ਕਾਰਵਾਈਆਂ ਕਾਰਨ ਲੋਕਾਂ ਦੇ ਦਿਲੋਂ ਲੱਥ ਚੁੱਕੇ ਹਨ, ਜਿਸ ਕਾਰਨ ਇਹ ਕਿਸੇ ਰਾਜਨੀਤਕ ਪ੍ਰਾਪਤੀ ਬਾਰੇ ਕਦੇ ਸੁਫਨੇ ਵਿਚ ਵੀ ਸੋਚ ਤੱਕ ਨਹੀਂ ਸਕਦੇ, ਕਿਉਂਕਿ ਕਿਸੇ ਵੀ ਰਾਜਨੀਤਕ ਕਾਮਯਾਬੀ ਲਈ ਲੋਕ ਰਾਏ ਦਾ ਜਿੱਤਣਾ ਜ਼ਰੂਰੀ ਹੁੰਦਾ ਹੈ। ਦੂਜੇ ਪਾਸੇ ਇਹ ਆਪਣੇ ਟੁੱਕ-ਦਾਤਿਆਂ ਦੇ ਮਨੋਰਥਾਂ ਨੂੰ ਜ਼ਰੂਰ ਪੂਰਾ ਕਰ ਰਹੇ ਹਨ ਜੋ ਭਾਰਤ ਦੇ ਲੋਕਾਂ ਵਿਚ ਧਰਮ ਦੇ ਆਧਾਰ ਉਪਰ ਵੰਡਾਂ ਪਾਉਣੀਆਂ ਚਾਹੁੰਦੇ ਹਨ ਅਤੇ ਭਾਰਤ ਦੇ ਟੁਕੜੇ ਕਰਨਾ ਚਾਹੁੰਦੇ ਹਨ। ਇਸ ਤਰ੍ਹਾਂ ਸਾਮਰਾਜੀਏ ਭਾਰਤ ਦੀ ਮਿਹਨਤੀ ਜਨਤਾ ਦੀ ਏਕਤਾ ਨੂੰ ਤੋੜਨ ਵਿਚ ਸਫਲਤਾ ਪ੍ਰਾਪਤ ਕਰਨੀ ਚਾਹੁੰਦੇ ਹਨ।

ਬੇਗੁਨਾਹਾਂ ਬੱਸ ਮੁਸਾਫਰਾਂ ਦੇ ਕਤਲਾਂ ਦੇ ਵਿਰੁੱਧ, ਜੋ ਜਲਸੇ, ਜਲੂਸ ਅਤੇ ਹੜਤਾਲਾਂ, ਪੰਜਾਬ ਹਰਿਆਣਾ, ਦਿੱਲੀ ਅਤੇ ਯੂ ਪੀ ਆਦਿ ਵਿਚ ਹੋਈਆਂ ਹਨ। ਜਿਨ੍ਹਾਂ ਦੇ ਦੌਰਾਨ ਭਾਵੇਂ ਸਰਕਾਰ ਨੇ ਪੁਲਸ-ਮਿਲਟਰੀ ਦੇ ਕਾਫੀ ਪ੍ਰਬੰਧ ਕੀਤੇ ਸਨ, ਫਿਰ ਵੀ ਕਈ ਸਿੱਖਾਂ ਦੇ ਟਰੱਕ, ਦੁਕਾਨਾਂ ਆਦਿ ਸਾੜੇ ਗਏ ਹਨ, ਕੁਝ ਬੇਗੁਨਾਹ-ਸਿੱਖਾਂ ਨੂੰ ਕਤਲ ਵੀ ਕੀਤਾ ਗਿਆ ਹੈ। ਅਜਿਹਾ ਬਦਲੇ ਦੀ ਭਾਵਨਾ ਨਾਲ ਕਰਨ ਵਾਲੇ ਅਤਿਵਾਦੀਆਂ ਦੇ ਹੀ ਯਾਰ ਹੋ ਸਕਦੇ ਹਨ, ਜਿਨ੍ਹਾਂ ਦੇ ਮਨੋਰਥ ਵੀ ਅਤਿਵਾਦੀਆਂ ਵਾਲੇ ਹੀ ਹਨ, ਜਿਨ੍ਹਾਂ ਦੀ ਸਖਤ ਨਿਖੇਧੀ ਕਰਦੇ ਹੋਏ, ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਕਰਦੇ ਹਾਂ।

ਭਾਰਤੀ ਜਨਤਾ ਪਾਰਟੀ ਵਲੋਂ ਦਿੱਲੀ ਅਤੇ ਹੋਰ ਥਾਵਾਂ ਉਪਰ ਕੀਤੇ ਮੁਜ਼ਾਹਰੇ ਸਰਕਾਰ ਵਲੋਂ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਲਈ ਨਹੀਂ ਸਗੋਂ 'ਸਿੱਖਾਂ' ਵਿਰੁੱਧ ਕੀਤੇ ਗਏ ਹਨ। ਭਾਰਤੀ ਜਨਤਾ ਪਾਰਟੀ ਬਾਰੇ ਕਿਸੇ ਨੂੰ ਸੰਦੇਹ ਨਹੀਂ ਕਿ ਇਹ ਹਿੰਦੂ-ਫਿਰਕੂ ਜਨੂੰਨੀਆਂ ਦੀ ਪਾਰਟੀ ਹੈ। ਜੋ ਇੰਦਰਾ ਗਾਂਧੀ ਦੇ ਕਤਲ ਪਿਛੋਂ ਹੋਏ ਸਿੱਖ ਵਿਰੋਧੀ ਦੰਗਿਆਂ ਵਿਚੋਂ ਰਾਜਸੀ ਲਾਭ ਪ੍ਰਾਪਤ ਨਹੀਂ ਕਰ ਸਕੀ ਸੀ, ਸਗੋਂ ਹਾਕਮ ਕਾਂਗਰਸ ਪਾਰਟੀ ਇਸ ਦਾ ਸਾਰਾ ਲਾਭ ਪ੍ਰਾਪਤ ਕਰ ਕੇ ਲੈ ਗਈ ਸੀ, ਜਿਸਦਾ ਭਾਰਤੀ ਜਨਤਾ ਪਾਰਟੀ ਨੂੰ ਦੁੱਖ ਸੀ। ਹੁਣ ਇਨ੍ਹਾਂ ਬੱਸ ਮੁਸਾਫਰਾਂ ਦੇ ਕਤਲਾਂ ਤੋਂ ਪਿਛੋਂ ਦੇਸ਼ ਦੀ ਰਾਜਨੀਤਕ ਸਥਿਤੀ ਵਿਚ ਸ੍ਰੀ ਰਾਜੀਵ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਲੋਕਾਂ ਦੇ ਦਿਲੋਂ ਲਹਿ ਗਈ ਹੈ, ਇਸ ਹਾਲਤ ਵਿਚ ਹੁਣ ਭਾਰਤੀ ਜਨਤਾ ਪਾਰਟੀ, ਇਨ੍ਹਾਂ ਬੇਗੁਨਾਹਾਂ ਦੇ ਖੂਨ ਵਿਚੋਂ ਹਿੰਦੂ-ਫਿਰਕਾਪ੍ਰਸਤੀ ਨੂੰ ਮਜ਼ਬੂਤ ਕਰਕੇ ਲਾਭ ਪ੍ਰਾਪਤ ਕਰਨ ਦੇ ਆਹਰ ਵਿਚ ਹੈ

ਅਸੀਂ ਸਮਝਦੇ ਹਾਂ ਕਿ ਭਾਰਤ ਦੀ ਹਰ ਜ਼ਿਮੇਵਾਰ ਪਾਰਟੀ ਨੂੰ ਚਾਹੀਦਾ ਹੈ ਕਿ ਉਹ ਸਾਮਰਾਜ ਦੀਆਂ ਅਤੇ ਸਾਮਰਾਜ ਦੇ ਏਜੰਟਾਂ ਦੀਆਂ ਚਾਲਾਂ ਨੂੰ ਸਮਝਣ ਦੇ ਨਾਲ ਨਾਲ ਫਿਰਕੂ ਪਾਰਟੀਆਂ ਦੇ ਕਿਰਦਾਰ ਨੂੰ ਵੀ ਸਮਝਣ ਅਤੇ ਲੋਕਾਂ ਨੂੰ ਇਸ ਗਲੋਂ ਸਾਵਧਾਨ ਕਰਨ ਕਿ ਫਿਰਕਾਪ੍ਰਸਤ ਅਤੇ ਸਾਮਰਾਜੀ ਕਿਵੇਂ ਮਿਲਕੇ ਸਾਜ਼ਸ਼ ਰਚ ਰਹੇ ਹਨ ਅਤੇ ਉਨ੍ਹਾਂ ਦੀ ਏਕਤਾ ਨੂੰ ਤੋੜ ਰਹੇ ਹਨ। ਇਸ ਪਰਕਰਨ ਵਿਚ ਅਸੀਂ ਸੀ. ਪੀ. ਆਈ. (ਮ) ਅਤੇ ਸੀ. ਪੀ. ਆਈ. ਦੇ ਦੇਸ਼ ਭਗਤ ਮੋਹਰੀ ਰੋਲ ਦੀ ਪ੍ਰਸ਼ੰਸਾ ਕਰਦੇ ਹਾਂ।

ਅਸੀਂ ਫਿਰ ਲੋਕਤਾ ਵਲੋਂ ਬੇਗੁਨਾਹਾਂ ਦੇ ਕਤਲਾਂ ਦੀ ਸਖਤ ਸ਼ਬਦਾਂ

# ਹਰਿਆਣਾ ਚੋਣਾਂ ਤੋਂ ਪਹਿਲਾਂ ਤੇ ਪਿੱਛੋਂ

**ਸੂਫ਼ੀ ਅਮਰਜੀਤ**

ਭਾਰਤ ਦੇ ਹਰਿਆਣਾ ਰਾਜ ਵਿਚ ਹੋਈਆਂ 17 ਜੂਨ ਦੀਆਂ ਚੋਣਾਂ ਵਿਚ, ਹਾਕਮ ਕਾਂਗਰਸ ਪਾਰਟੀ ਦੀ ਹਾਰ ਸਾਬਤ ਕਰਦੀ ਹੈ ਕਿ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਉਸ ਤਰ੍ਹਾਂ ਹੀ ਰੱਦ ਕਰ ਦਿੱਤਾ ਹੈ ਜਿਵੇਂ 1977 ਵਿਚ ਐਮਰਜੈਂਸੀ ਤੋਂ ਮਗਰੋਂ ਜਨਤਾ ਲਹਿਰ ਦੀ ਜਿੱਤ ਵੇਲੇ ਹੋਇਆ।

ਜਨਤਾ ਸਰਕਾਰ ਦੇ ਆਪਸੀ ਝਗੜਿਆਂ ਕਾਰਣ ਟੁੱਟਣ ਤੇ, ਮੁੜ ਮਰਹੂਮ ਇੰਦਰਾ ਗਾਂਧੀ ਦੇ ਜਿੱਤਣ ਅਤੇ ਫਿਰ 1984 ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਮਗਰੋਂ ਜਿਸ ਢੰਗ ਨਾਲ ਸ੍ਰੀ ਰਾਜੀਵ ਗਾਂਧੀ ਵੱਡੀ ਭਾਰੀ ਜਿੱਤ ਪ੍ਰਾਪਤ ਕਰ ਸਕਿਆ ਸੀ, ਉਸ ਤੋਂ ਇੰਜ ਜਾਪਦਾ ਸੀ ਕਿ ਕਾਂਗਰਸ ਨੂੰ ਹੁਣ ਇਕ ਨੌਜੁਆਨ ਆਗੂ ਮਿਲ ਗਿਆ ਹੁਣ ਇਸ ਦੇ ਪੈਰ ਪੱਕੇ ਹੋ ਗਏ ਹਨ। ਇਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਸ੍ਰੀ ਰਾਜੀਵ ਨੇ ਪੰਜਾਬ ਸਮਝੌਤਾ ਕੀਤਾ, ਆਸਾਮ ਅਤੇ ਮੀਜ਼ੋਰਾਮ ਵਿਚ ਸਮਝੌਤੇ ਕੀਤੇ, ਜਿਸ ਨਾਲ ਇਸ ਦੀ ਮਿਲਵਰਤੋਂ ਦੀ ਪਾਲਸੀ ਨੇ ਲੋਕਾਂ ਨੂੰ ਹੋਰ ਵੀ ਵਿਸ਼ਵਾਸ ਦਿੱਤਾ।

ਪਰ ਛੇਤੀ ਹੀ ਰਾਜੀਵ ਦੀ ਅਗਵਾਈ ਵਿਚ ਕਾਂਗਰਸ ਫਿਰ ਉਨ੍ਹਾਂ ਲੀਹਾਂ ਤੇ ਹੀ ਪੈ ਗਈ ਜਿਨ੍ਹਾਂ ਉਪਰ ਮਰਹੂਮ ਇੰਦਰਾ ਗਾਂਧੀ ਨੇ ਦੇਸ਼ ਵਿਚ ਬੇਵਿਸ਼ਵਾਸੀ ਦਾ ਮਾਹੌਲ ਪੈਦਾ ਕੀਤਾ ਹੋਇਆ ਸੀ।

ਨਾ ਹੀ ਸਰਕਾਰ ਦੀਆਂ ਆਰਥਿਕ ਨੀਤੀਆਂ ਵਿਚ ਹੀ ਕੋਈ ਮੋੜ ਆਇਆ, ਨਾ ਹੀ ਕੇਂਦਰ ਵਿਚ ਦੀ ਰਾਜ ਸੱਤਾ ਨੂੰ ਕਾਂਗਰਸ ਪਾਰਟੀ ਦੇ ਤੰਗ ਰਾਜਸੀ ਮਨੋਰਥਾਂ ਲਈ ਵਰਤਣ ਦੀ ਘਟੀਆ ਚਾਲ ਹੀ ਠੱਲੀ ਗਈ। ਸਗੋਂ ਮੌਕਾਪ੍ਰਸਤ ਸਿਆਸਤ ਨੇ ਰਾਜੀਵ ਦੀ ਲੀਡਰਸ਼ਿਪ ਤੋਂ ਲੋਕਾਂ ਦਾ ਵਿਸ਼ਵਾਸ ਬੜੀ ਤੇਜ਼ੀ ਨਾਲ ਚੁੱਕ ਦਿੱਤਾ।

ਪੰਜਾਬ ਸਮਝੌਤਾ ਜਿਸ ਦੇ ਅਨੁਸਾਰ ਸਾਰੇ ਫੈਸਲੇ ਸਮਾ-ਬੱਧ ਸਨ, ਅਮਲ ਵਿਚ ਲਿਆਉਣ ਤੋਂ ਭੱਜਿਆ ਗਿਆ। ਪੰਜਾਬ ਨੂੰ ਹਰਿਆਣੇ ਦੀ ਰਾਜਨੀਤਕ ਜਿੱਤ ਦੀ ਲਾਲਸਾ ਨਾਲ ਜੋੜ ਲਿਆ ਗਿਆ। ਜਿਸ ਦਾ ਦੇਸ਼ ਭਰ ਦੀਆਂ ਪਾਰਟੀਆਂ ਅਤੇ ਆਮ ਲੋਕਾਂ ਦੀ ਭਾਰੀ ਗਿਣਤੀ ਨੇ ਬੁਰਾ ਮਨਾਇਆ।

ਇਸ ਦੇ ਨਾਲ ਪਾਰਲੀਮੈਂਟ ਵਿਚ ਰਖਿਆ ਸਕੈਂਡਲਾਂ ਦੀ ਗੂੰਜ, ਰਾਸ਼ਟਰਪਤੀ ਨਾਲ ਪ੍ਰਧਾਨ ਮੰਤਰੀ ਦੀ ਅਣਬਣ, ਦੇਸ਼ ਭਰ ਵਿਚ ਫਿਰਕੂ ਦੰਗੇ, ਕਾਂਗਰਸ ਦੇ ਫਿਰਕੂ ਪਾਰਟੀਆਂ ਨਾਲ ਮੌਕਾਪ੍ਰਸਤ ਗੱਠਜੋੜ ਆਦਿ ਮਸਲੇ ਕੌਮੀ ਪੱਧਰ ਉਪਰ ਇਕ ਪਿਛੋਂ ਇਕ ਇਸ ਤਰ੍ਹਾਂ ਉਠੇ ਕਿ ਕਾਂਗਰਸੀ ਆਗੂ ਲੋਕਾਂ ਦੀ ਤਸੱਲੀ ਨਾ ਕਰਵਾ ਸਕੇ ਅਤੇ ਲੋਕਾਂ ਦਾ ਵਿਸ਼ਵਾਸ ਉਠ ਗਿਆ।

ਇਸ ਪਿਛੋਕੜ ਵਿਚ ਇਸ ਸਾਲ ਹੋਣ ਵਾਲੀਆਂ ਅਸੰਬਲੀ ਚੋਣਾਂ ਹੋਈਆਂ ਕਸ਼ਮੀਰ ਵਿਚ ਜੇਕਰ ਫਾਰੂਕ ਅਬਦੁੱਲਾ ਕਾਂਗਰਸ ਗੱਠਜੋੜ ਨਾ ਹੁੰਦਾ, ਓਥੇ ਵੀ ਕਾਂਗਰਸ ਨੂੰ ਹੂੰਝਾਫੇਰ ਹਾਰ ਹੋਣੀ ਸੀ। ਪੱਛਮੀ ਬੰਗਾਲ ਅਤੇ ਕੇਰਲਾ ਦੀਆਂ ਚੋਣਾਂ ਵਿਚ ਖੱਬੇ ਫਰੰਟ ਦੀਆਂ ਜਿੱਤਾਂ ਨੇ ਕੇਵਲ ਕਾਂਗਰਸ ਨੂੰ ਹੀ ਕਰਾਰੀਆਂ ਹਾਰਾਂ ਨਹੀਂ ਦਿੱਤੀਆਂ ਸਗੋਂ ਲੋਕਾਂ ਵਿਚ ਇਹ ਵਿਸ਼ਵਾਸ ਪੈਦਾ ਕੀਤਾ ਕਿ ਕਾਂਗਰਸ ਨੂੰ ਬਦਲਣਾ ਜ਼ਰੂਰੀ ਹੈ ਜਿਸ ਦੇ ਬਦਲਣ ਤੋਂ ਬਿਨਾਂ ਬੇਰੁਜ਼ਗਾਰੀ, ਮਹਿੰਗਾਈ, ਰਿਸ਼ਵਤ ਅਤੇ ਹੋਰ ਮੁਸ਼ਕਲਾਂ ਦਾ ਕੋਈ ਇਲਾਜ ਨਹੀਂ ਹੈ।

ਪੱਛਮੀ ਬੰਗਾਲ ਅਤੇ ਕੇਰਲ ਦੀ ਜਿੱਤ ਸਬੰਧੀ ਭਾਰਤ ਦੇ ਅਖਬਾਰਾਂ ਵਿਚ ਇਨਾ ਕੁਝ ਛਪਿਆ ਜਿਸ ਨੂੰ ਲੋਕਾਂ ਦੇ ਦਿਮਾਗਾਂ ਵਿਚੋਂ ਕੱਢਣਾ ਸੌਖਾ ਨਹੀਂ ਸੀ। ਕਾਂਗਰਸ ਆਗੂਆਂ ਨੂੰ ਪਹਿਲਾਂ ਹੀ ਪਤਾ ਸੀ ਕਿ ਪੱਛਮੀ ਬੰਗਾਲ ਅਤੇ ਕੇਰਲ ਵਿਚ ਹਾਰ ਹੋਵੇਗੀ, ਏਸੇ ਲਈ ਉਨ੍ਹਾਂ ਹਰਿਆਣੇ ਦੀਆਂ ਚੋਣਾਂ ਉਨ੍ਹਾਂ ਨਾਲ ਨਾ ਕਰਵਾਈਆਂ।

ਹਰਿਆਣਾ ਚੋਣਾਂ ਜਿੱਤਣ ਲਈ ਕਾਂਗਰਸ ਨੇ ਪਹਿਲਾਂ ਹੀ ਭਜਨ ਲਾਲ ਨੂੰ ਹਰਿਆਣੇ ਵਿਚੋਂ ਬਾਹਰ ਕੱਢ ਲਿਆ ਜੋ ਕਿ ਇਕ ਦਲਬਦਲੂ ਮੁਖ ਮੰਤਰੀ ਸੀ, ਉਹ ਪਿਛਲੀਆਂ ਚੋਣਾਂ ਵਿਚ ਲੋਕ ਦਲ ਵਲੋਂ ਜਿੱਤ ਕੇ ਕਾਂਗਰਸ ਵਿਚ ਜਾ ਰਲਿਆ ਸੀ, ਇਸ ਤਰ੍ਹਾਂ ਉਹ ਲੋਕਾਂ ਨਾਲ ਵਿਸ਼ਵਾਸ ਘਾਤ ਕਰ ਚੁੱਕਾ ਸੀ। ਹਰਿਆਣੇ ਦੇ ਲੋਕ ਐਮਰਜੈਂਸੀ ਵੇਲੇ ਸ੍ਰੀ ਬੰਸੀ ਲਾਲ ਦੀ ਧੱਕੇਸ਼ਾਹੀ ਨੂੰ ਭੁੱਲੇ ਨਹੀਂ ਸੀ। ਜਿਸ ਨੂੰ ਹੁਣ ਭਜਨ ਲਾਲ ਦੀ ਥਾਂ ਮੁਖ ਮੰਤਰੀ ਬਣਾ ਦਿੱਤਾ ਸੀ। ਜਿਸ ਨੂੰ ਲੋਕਾਂ 1977 ਦੀ ਜਨਤਾ ਲਹਿਰ ਵਿਚ ਹੂੰਝਾਫੇਰ ਹਾਰ ਦਿੱਤੀ ਸੀ। ਇਸ ਦਾ ਅਰਥ ਇਹ ਹੋਇਆ ਕਿ ਹਰਿਆਣੇ ਦੇ ਲੋਕ ਪਹਿਲਾਂ ਹੀ ਕਾਂਗਰਸ ਵਿਰੁਧ ਆਪਣਾ ਫਤਵਾ ਦੇ ਚੁਕੇ ਹੋਏ ਸੀ, ਜਿਸ ਨੂੰ ਉਨ੍ਹਾਂ ਮੁੜ ਦੁਹਰਾਇਆ।

ਪ: ਬੰਗਾਲ ਅਤੇ ਕੇਰਲਾ ਤੋਂ ਮਗਰੋਂ ਹਰਿਆਣਾ ਦੀ ਜਿੱਤ ਨੇ ਲੋਕਾਂ ਦੀਆਂ ਅੱਖਾਂ 1987 ਦੀਆਂ ਲੋਕ ਸਭਾ ਦੀਆਂ ਚੋਣਾਂ ਉਪਰ ਜਾ ਟਕਾਈਆਂ ਹਨ। ਹਰਿਆਣੇ ਦੀ ਹਾਰ ਸੰਬੰਧੀ ਸ੍ਰੀ ਰਾਜੀਵ ਗਾਂਧੀ ਹਾਲ ਤੱਕ ਕੁਝ ਨਹੀਂ ਬੋਲ ਸਕੇ ਹਨ ਨਾ ਹੀ ਕਾਂਗਰਸ ਪਾਰਟੀ ਨੇ ਹੀ ਬਾਕਾਇਦਾ ਕੋਈ ਅਲੋਚਨਾਤਮਕ ਬਿਆਨ ਹੀ ਜਾਰੀ ਕੀਤਾ ਹੈ। ਇਕ ਤਰ੍ਹਾਂ ਨਾਲ ਕੇਂਦਰ ਦੀ ਹਾਕਮ ਪਾਰਟੀ ਠਰ ਗਈ ਹੈ।

ਹਰਿਆਣਾ, ਭਾਰਤ ਦੇ ਹਿੰਦੀ ਰਾਜਾਂ ਵਿਚੋਂ ਇਕ ਹੈ ਜਿਥੇ ਕਿ ਕਾਂਗਰਸ ਦਾ ਕੰਟਰੋਲ ਉਨ੍ਹਾਂ ਨੂੰ ਹਾਕਮ ਬਣਾਉਣ ਦੀ ਸਦਾ ਹੀ ਸਮਰਥਾ ਦਿੰਦਾ ਰਿਹਾ ਹੈ। ਇਥੇ ਕਾਂਗਰਸ ਦੀ ਹਾਰ ਦੂਜੇ ਹਿੰਦੀ ਰਾਜਾਂ ਵਿਚ ਹਾਰਾਂ ਦਾ ਰਾਹ ਪੱਧਰਾ ਕਰਨ ਲਈ ਹਰਿਆਣੇ ਦੀ ਹਾਰ ਕਾਰਨ ਨਹੀਂ ਬਣ ਸਕਦੀ, ਸਗੋਂ ਜੋ ਹਾਲਤ ਹਰਿਆਣੇ ਲਈ ਕਾਂਗਰਸ ਦੇ ਹਾਰ ਦੇ ਕਾਰਨ ਬਣੇ ਹਨ, ਉਹ ਕੁਝ ਬਾਕੀ ਥਾਵਾਂ ਉਪਰ ਵੀ ਹੈ, ਉਹ ਉਥੇ ਵੀ ਵੱਡੀਆਂ ਹਾਰਾਂ ਦਾ ਕਾਰਨ ਬਣ ਸਕਦੇ ਹਨ, ਜੋ ਕਿ ਮੁਖ ਕਰਕੇ ਕਾਂਗਰਸ ਦੀ ਮੌਕਾਪ੍ਰਸਤ ਸਿਆਸਤ ਹੈ।

ਰਾਜੀਵ ਸਰਕਾਰ ਵਲੋਂ ਦਲਬਦਲੀ ਉਪਰ ਰੋਕ, ਇਸ ਵੇਲੇ ਉਸ ਦੀ ਪੂਰੀ ਸਹਾਇਤਾ ਕਰ ਰਹੀ ਹੈ, ਨਹੀਂ ਤੇ ਅਨੇਕਾਂ ਕਾਂਗਰਸੀ ਐਮ ਪੀ ਕਾਂਗਰਸ ਦੀ ਗੱਡੀ 'ਚੋਂ ਬਾਹਰ ਛਾਲਾਂ ਮਾਰ ਜਾਂਦੇ। ਹੁਣ ਬਾਹਰ ਕਾਂਗਰਸ ਵਿਰੋਧੀ ਲਹਿਰ ਦਾ ਬਾਕੀ ਅਗੇ


**ASHOKA TRADING CO.** LTD.

*6621 MAIN STREET, VANCOUVER. B.C.*

**324-7521**

• ਕਢਾਈ ਵਾਲੀਆਂ ਅਤੇ ਸਿਲਕ ਦੀਆਂ ਵਧੀਆ ਸਾੜ੍ਹੀਆਂ ਭਾਰਤ ਤੋਂ ਅਤੇ ਪ੍ਰਿੰਟਿਡ ਅਤੇ ਪਲੇਨ ਸਾੜ੍ਹੀਆਂ ਜਾਪਾਨ ਤੋਂ ਸਿੱਧੀਆਂ ਮੰਗਵਾਈਆਂ ਜਾਂਦੀਆਂ ਹਨ। **ਕੇਵਲ ਹੋਲ ਸੇਲ ਤੇ ਖ਼ੀਦਣ ਲਈ ਫ਼ੂਨ ਕਰੋ**

INDIAN SILK SAREES & SUITS
JAPANEEESE SUITS & SAREES
COSTUME JEWELLERY

**WAREHOUSE ADDRESS:**
# 102 - 8185 MAIN ST., VANCOUVER. B.C.
**TEL: (604) 321 - 4506**

*WORLD WIDE IMPORTS IN FABRICS, SAREES & JEWELLERY WHOLESALE & RETAIL*

**WELL DISPLAYED & MOST DECORATED STORE IN TOWN**



# ਦੱਖਣੀ ਕੋਰੀਆ ਦੀ ਡਿਕਟੇਟਰਸ਼ਿਪ ਵਿਰੁੱਧ ਲੋਕ ਉਭਾਰ

**ਸੂਫ਼ੀ ਅਮਰਜੀਤ**

ਦੱਖਣੀ ਕੋਰੀਆ ਡਿਕਟੇਟਰਸ਼ਿਪ ਵਿਰੁੱਧ ਇਕ ਆਵਾਜ਼ ਹੋ ਕੇ ਉਠ ਖੜਾ ਹੋਇਆ ਹੈ। ਅਮਰੀਕੀ ਸਾਮਰਾਜ ਦੇ ਸਹਾਰੇ ਦੱਖਣੀ ਕੋਰੀਆ ਦੇ ਲੋਕਾਂ ਦੀ ਮਿਹਨਤ-ਕਮਾਈ ਦੀ ਹੀ ਲੁਟ ਨਹੀਂ ਕੀਤੀ ਜਾ ਰਹੀ, ਸਗੋਂ ਲੋਕਾਂ ਦੇ ਜਮਹੂਰੀ ਹੱਕ ਵੀ ਕੁਚਲ ਕੇ ਸੁੱਟੇ ਗਏ ਹਨ। ਜਮਹੂਰੀ ਹੱਕਾਂ ਤੇ ਕੇਵਲ ਰੋਕਾਂ ਹੀ ਨਹੀਂ ਲਾਈਆਂ ਗਈਆਂ, ਸਗੋਂ ਮਨੁੱਖੀ ਅਧਿਕਾਰਾਂ ਨੂੰ ਕੁਚਲਦਾ ਹੋਇਆ ਡਿਕਟੇਟਰ ਚਾਨ-ਦੂ-ਹਵਾਨ ਲੋਕਾਂ ਉਪਰ ਵਹਿਸ਼ੀ ਜ਼ੁਲਮ ਵੀ ਕਰ ਰਿਹਾ। ਖਾਸ ਕਰਕੇ ਜੋ ਪਾਰਟੀਆਂ ਅਤੇ ਆਗੂ ਉਤਰੀ ਕੋਰੀਆ ਨਾਲ ਦੇਸ਼ ਦਾ ਏਕੀਕਰਨ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਅਜਿਹੇ ਤਸੀਹੇ ਦਿੱਤੇ ਜਾ ਰਹੇ ਹਨ ਕਿ ਅੱਜ ਦੇ ਯੁਗ ਵਿਚ ਰਹਿੰਦਿਆਂ ਮਧਯੁਗ ਦੀ ਬੇਕਿਰਕੀ ਅਤੇ ਗੈਰ ਮਨੁਖੀਪਨ ਯਾਦ ਆ ਜਾਂਦਾ ਹੈ।

ਦੱਖਣੀ ਕੋਰੀਆ ਵਿਚ ਅਮਰੀਕੀ ਸਾਮਰਾਜ ਦੇ 40,000 ਫੌਜੀ ਡੇਰੇ ਲਾਈ ਬੈਠੇ ਹਨ, ਜੋ ਕਿ ਡਿਕਟੇਟਰ ਨੂੰ ਨਿਰਸੰਕੋਚ ਕੁਝ ਵੀ ਕਰਨ ਲਈ ਗਰੰਟੀ ਦੇ ਰਹੇ ਹਨ। ਅਮਰੀਕੀ ਸਾਮਰਾਜ ਜੋ ਕਿ ਮਨੁਖੀ ਅਧਿਕਾਰਾਂ ਦਾ ਝੂਠਾ-ਪਾਖੰਡੀ ਦਾਅਵੇਦਾਰ ਬਣਿਆ ਹੋਇਆ, ਦੱਖਣੀ ਕੋਰੀਆ ਵਿਚ ਦੀ ਧੱਕੇਸ਼ਾਹੀ ਦਾ ਕੁਝ ਵੀ ਦੇਖਣਾ ਨਹੀਂ ਚਾਹੁੰਦਾ।

ਕਿਸੇ ਵੀ ਅਤਿਆਚਾਰ ਦੀ ਹੱਦ ਹੁੰਦੀ ਹੈ, ਜਦੋਂ ਮਜ਼ਲੂਮ ਲੋਕ ਰੋਹ ਵਿਚ ਆ ਕੇ ਮੁਜ਼ਾਹਮਤ ਕਰਨ ਲਈ ਉਠ ਖੜੇ ਹੁੰਦੇ ਹਨ। ਫਿਰ ਉਨ੍ਹਾਂ ਨੂੰ ਤੋਪਾਂ, ਬੰਦੂਕਾਂ ਅਤੇ ਜੇਲ੍ਹਾਂ ਵੀ ਦਬਾ ਨਹੀਂ ਸਕਦੀਆਂ। ਲੋਕਾਂ ਵਿਚ ਜ਼ੁਲਮ ਦੇ ਵਿਰੁਧ ਉਠੀ ਭਾਵਨਾ, ਉਨ੍ਹਾਂ ਵਿਚ ਏਕਤਾ ਨੂੰ ਜਨਮ ਦਿੰਦੀ ਹੈ। ਇਹ ਏਕਤਾ ਹੀ ਹੁੰਦੀ ਹੈ, ਜੋ ਹਮੇਸ਼ਾਂ ਹੀ ਅੰਤਮ ਤੌਰ ਉਤੇ ਜੇਤੂ ਰਹਿੰਦੀ ਹੈ। ਇਹ ਏਕਤਾ ਤਦ ਹੀ ਪੈਦਾ ਹੋ ਸਕਦੀ ਹੈ, ਜੇਕਰ ਇਹ ਸਚਾਈ ਅਤੇ ਇਨਸਾਫ ਉਪਰ ਆਧਾਰਤ ਹੋਵੇ ਅਤੇ ਲੋਕਾਂ ਦੇ ਠੀਕ ਹਿੱਤਾਂ ਦੀ ਤਰਜਮਾਨੀ ਕਰਦੀ ਹੋਵੇ। ਇਸ ਤੋਂ ਬਿਨਾਂ ਸੌ ਯਤਨ ਕਰਨ ਉਪਰ ਵੀ ਏਕਤਾ ਨਹੀਂ ਉਸਰਦੀ। ਪ੍ਰੰਤੂ ਕਈ ਵਾਰ ਜਨਤਾ ਵਿਚ ਚੇਤਨਤਾ ਦੀ ਘਾਟ ਦੇ ਕਾਰਨ ਹਾਕਮ ਭੁਲੇਖੇ ਖੜੇ ਕਰਕੇ ਧਰਮ, ਜਾਤ, ਰੰਗ, ਬੋਲੀ ਅਤੇ ਇਲਾਕੇ ਦੇ ਆਧਾਰ ਉਪਰ ਦੁਫੇੜਾਂ ਪਾ ਦਿੰਦੇ ਹਨ। ਇਸ ਤਰ੍ਹਾਂ ਦੀਆਂ ਮੁਸ਼ਕਲਾਂ ਲੋਕ ਜਮਹੂਰੀ ਸ਼ਕਤੀਆਂ ਨੂੰ, ਲੋਕਾਂ ਵਿਚ ਜਾਗਰਤੀ ਲਿਆਉਣ ਦਾ ਔਖਾ ਕੰਮ ਕਰਨ ਲਈ ਵੰਗਾਰ ਬਣ ਜਾਂਦੀਆਂ ਹਨ, ਜਿਨ੍ਹਾਂ ਨੂੰ ਕਬੂਲਣਾ ਹੁੰਦਾ ਹੀ ਹੈ।

ਸਮਾਜੀ ਵਿਕਾਸ ਦਾ ਰਾਹ ਬੜਾ ਪੇਚੀਦਾ ਹੁੰਦਾ ਹੈ। ਵਿਗਿਆਨਕ ਸਮਾਜਵਾਦ ਦੇ ਅਸੂਲਾਂ ਅਨੁਸਾਰ ਹੀ ਇਸ ਨੂੰ ਸਮਝਿਆ ਜਾਂਦਾ ਹੈ। ਇਹੋ ਕਾਰਨ ਹੈ ਕਿ ਸੰਸਾਰ ਭਰ ਦੇ ਹਰ ਦੇਸ਼ ਵਿਚ ਮਿਹਨਤੀ ਲੋਕਾਂ ਦੇ ਹਿੱਤਾਂ ਵਿਚ ਖੇਲਣ ਵਾਲੀਆਂ ਪਾਰਟੀਆਂ ਆਪਣੇ ਮਨੁੱਖਵਾਦੀ ਮੰਤਵਾਂ ਦੀ ਦਰੁਸਤੀ ਵਿਚ ਵਿਸ਼ਵਾਸ਼ ਨਾਲ ਹਰ ਕੁਰਬਾਨੀ ਦੇ ਕੇ ਵੀ ਲੋਕ ਦੁਸ਼ਮਣ ਸ਼ਕਤੀਆਂ ਉਪਰ ਜਿੱਤ ਪ੍ਰਾਪਤ ਕਰਨ ਲਈ ਲਗਾਤਾਰ ਸੰਘਰਸ਼ ਜਾਰੀ ਰੱਖਦੀਆਂ ਹਨ।

ਇਹ ਇਕ ਵਿਗਿਆਨਕ ਸਚਾਈ ਹੈ ਕਿ ਕੋਈ ਵੀ ਅਵਸਥਾ ਅਤੇ ਕੋਈ ਵੀ ਪ੍ਰਬੰਧ ਸਥਾਈ ਨਹੀਂ ਹੈ ਉਹ ਲਗਾਤਾਰ ਚੰਗੇ ਪਾਸੇ ਬਦਲਣ ਲਈ ਹਾਲਾਤ ਅਨੁਸਾਰ ਕਿਰਿਆਸ਼ੀਲ ਰਹਿੰਦਾ ਹੈ। ਇਸ ਲਗਾਤਾਰ ਕ੍ਰਿਆਸ਼ੀਲਤਾ ਦੇ ਸਮੇਂ ਵਿਕਾਸ ਕਰਦਿਆਂ ਹੋਇਆਂ, ਇਕ ਸਮਾਂ ਆਉਂਦਾ ਹੈ ਜਦੋਂ ਉਸ ਅਵਸਥਾ ਵਿਚ ਵੱਡੀ ਤਬਦੀਲੀ ਵਾਪਰਦੀ ਹੈ। ਜਿਸ ਨੂੰ ਰੋਕਣ ਲਈ ਪੁਰਾਣੀਆਂ ਸ਼ਕਤੀਆਂ ਹਰ ਯਤਨ ਕਰਦੀਆਂ ਹਨ।

ਦੱਖਣੀ ਕੋਰੀਆ ਵਿਚ ਇਹੋ ਕੁਝ ਹੋ ਰਿਹਾ ਹੈ। ਲੋਕਾਂ ਨੇ ਜਾਨਾਂ ਤਲੀ ਉਪਰ ਟਿਕਾ ਕੇ ਡਿਕਟੇਟਰਸ਼ਿਪ ਨੂੰ ਵੰਗਾਰਿਆ ਹੈ। ਲੋਕਾਂ ਦੀ ਏਕਤਾ ਤੋਂ ਭੈਭੀਤ ਡਿਕਟੇਟਰ ਪੁਲਸੀ ਧਾੜਾਂ ਤਾਂ ਭਾਵੇਂ ਲੈ ਆਇਆ, ਪ੍ਰੰਤੂ 'ਕਤਲੇਆਮ' ਕਰਨ ਤੋਂ ਅਸਮਰਥ ਰਿਹਾ। ਇਹ ਸ਼ਕਤੀ ਹੀਣਤਾ ਲੋਕਾਂ ਦੀ ਏਕਤਾ ਦੇ ਦਬਾ ਕਾਰਨ ਹੀ ਪੈਦਾ ਹੁੰਦੀ ਹੈ। ਬੇਸ਼ਕ ਡਿਕਟੇਟਰ ਅਜਿਹਾ ਕਰਨ ਤੋਂ ਗੁਰੇਜ਼ ਨਾ ਵੀ ਕਰਦਾ, ਪਰ ਅਮਰੀਕੀ ਸਾਮਰਾਜ ਵਿਰੁਧ ਲੋਕਾਂ ਦੀ ਹੁਣ ਦੀ ਡੂੰਘੀ ਨਫਰਤ ਨੇ ਘਰੇਲੂ ਯੁਧ ਦਾ ਰੂਪ ਧਾਰ ਲੈਣਾ ਸੀ, ਜਿਸ ਨੂੰ ਕੋਈ ਸ਼ਕਤੀ ਠੱਲ ਨਾ ਸਕਦੀ, ਜਿਸਦਾ ਨਤੀਜਾ ਲੋਕਾਂ ਦੀ ਜਿੱਤ ਅਤੇ ਦੇਸ਼ ਦੇ ਏਕੀਕਰਨ ਵਿਚ ਹੀ ਨਿਕਲਣਾ ਸੀ।

ਇਹ ਅਮਰੀਕਨ ਸਾਮਰਾਜ ਨੇ ਇੰਨ ਬਿੰਨ ਉਹ ਹੀ ਰੋਲ ਅਦਾ ਕੀਤਾ ਹੈ ਜੋ ਉਸ ਨੇ ਫਿਲਪਾਈਨ ਵਿਚ ਕੀਤਾ ਸੀ। ਜਿਸ ਕਾਰਨ ਮਾਰਕੋਸ ਨੂੰ ਬਚਾ ਕੇ ਪਰੇ ਕਰ ਦਿੱਤਾ ਗਿਆ। ਵਿਚ ਵਿਚਾਲੇ ਦੀ ਸ਼ਕਤੀ ਕੋਰੀ ਅਕੀਨੋ ਦੀ ਅਗਵਾਈ ਵਿਚ ਗੱਦੀ ਤੇ ਬੈਠਾ ਦਿੱਤੀ। ਜੋ ਕਿ ਬੇਜ਼ਮੀਨੇ - ਗਰੀਬ ਕਿਸਾਨਾਂ ਵਲੋਂ ਜ਼ਮੀਨ ਪ੍ਰਾਪਤੀ ਲਈ ਕੀਤੀਆਂ ਮੰਗਾਂ ਮੰਨਣ ਦੀ ਥਾਂ, ਐਵੇਂ ਅੱਖਾਂ ਹੀ ਪੂੰਝਣਾ ਚਾਹੁੰਦੀ ਹੈ ਲੋਕ-ਸ਼ਕਤੀ ਨੂੰ ਬੇਹਥਿਆਰਾ ਕਰਨਾ ਚਾਹੁੰਦੀ ਹੈ।

ਇਸ ਤਰ੍ਹਾਂ ਹੀ ਦੱਖਣੀ ਕੋਰੀਆ ਵਿਚ ਚਾਨ-ਦੂ-ਹਵਾਨ ਨੂੰ ਪਰੇ ਕਰਨ ਦੀ ਸਕੀਮ ਅਨੁਸਾਰ ਹੀ ਨਵੇਂ ਢੰਗ ਤਰੀਕੇ, ਚੋਣ ਸੁਧਾਰਾਂ ਦੇ ਨਾਂ ਹੇਠ ਅੱਗੇ ਲਿਆਂਦੇ ਗਏ ਹਨ। ਜਿਹੜੀਆਂ ਸ਼ਕਤੀਆਂ ਦੇਸ਼ ਦਾ ਏਕੀਕਰਨ ਚਾਹੁੰਦੀਆਂ ਹਨ, ਉਨ੍ਹਾਂ ਦੇ ਆਗੂ ਜੇਲ੍ਹ ਵਿਚ ਹੀ ਬੰਦ ਹਨ। ਵਿਰੋਧੀ ਲੀਡਰ ਕਿੰਮ ਨੂੰ ਅੱਗੇ ਲਿਆਂਦਾ ਜਾ ਰਿਹਾ ਹੈ। ਜਿਸ ਉਪਰ ਵਿਦਿਆਰਥੀ ਅਤੇ ਹੋਰ ਜਨਸਮੂਹ ਭਰੋਸਾ ਨਹੀਂ ਕਰ ਸਕਦਾ। ਵੈਸੇ ਵੀ ਡਿਕਟੇਟਰ ਗੱਲਬਾਤ ਨੂੰ ਲਮਕਾ ਕੇ ਠੰਡਾ ਕਰਨਾ ਚਾਹੁੰਦਾ ਹੈ ਅਤੇ ਆਪਣੀ ਜਕੜ ਅਤੇ ਹਿੱਤਾਂ ਦੀ ਰਾਖੀ ਨੂੰ ਯਕੀਨੀ ਬਣਾਉਣ ਵਾਲੀਆਂ ਹੀ ਤਬਦੀਲੀਆਂ ਲਾਗੂ ਕਰਨੀਆਂ ਚਾਹੁੰਦਾ ਹੈ।

ਇਕ ਗੱਲ ਸਪਸ਼ਟ ਹੈ ਕਿ ਦੱਖਣੀ ਕੋਰੀਆ ਦੇ ਲੋਕ ਲੱਖਾਂ ਦੀ ਗਿਣਤੀ ਵਿਚ ਇਕੱਠੇ ਹੋ ਕੇ ਜਦੋਂ ਅਮਰੀਕਨ ਝੰਡੇ ਦੇ ਨਾਲ ਡਿਕਟੇਟਰ ਦਾ ਪੁਤਲਾ ਸਾੜਦੇ ਹਨ ਤਾਂ ਕੋਈ ਭੁਲੇਖਾ ਨਹੀਂ ਰਹਿੰਦਾ ਕਿ ਉਨ੍ਹਾਂ ਦਾ ਨਿਸ਼ਾਨਾ ਕਿਥੇ ਧਰਿਆ ਹੋਇਆ ਹੈ।

ਅਮਰੀਕਨ ਸੈਨੇਟ ਵਲੋਂ ਦੱਖਣੀ ਕੋਰੀਆ ਬਾਰੇ ਪਾਸ ਕੀਤਾ ਮਤਾ ਵੀ ਅਮਰੀਕੀ ਸਾਮਰਾਜ ਦੇ ਇਰਾਦਿਆਂ ਨੂੰ ਛੁਪਾਉਣ ਤੋਂ ਅਸਮਰਥ ਹੈ, ਜਦੋਂ ਉਹ ਕਹਿੰਦਾ ਹੈ ਕਿ ਫੌਰੀ ਤੌਰ ਉਪਰ ਚੋਣ ਸੁਧਾਰ ਕੀਤੇ ਜਾਣ ਤਾਂ ਜੋ ਦੱਖਣੀ ਕੋਰੀਆ ਵਿਚ ਕਮਿਊਨਿਸਟਾਂ ਨੂੰ ਹਾਰ ਦਿੱਤੀ ਜਾ ਸਕੇ।

ਆਖਰ ਅਮਰੀਕੀ ਸਾਮਰਾਜ ਨੂੰ ਦੱਖਣੀ ਕੋਰੀਆ ਵਿਚ ਕੀ ਦਿਲਚਸਪੀ ਹੈ? ਗੱਲ ਸਿਧੀ ਹੈ ਇਕ ਤਾਂ ਉਥੇ ਅਮਰੀਕਾ ਨੇ ਐਟਮੀ ਹਥਿਆਰ ਬੀੜ ਰੱਖੇ ਹਨ, ਜਿੰਨ੍ਹਾਂ ਦਾ ਨਿਸ਼ਾਨਾ ਸੋਵੀਅਤ ਯੂਨੀਅਨ, ਲੋਕ ਚੀਨ, ਉਤਰੀ ਕੋਰੀਆ, ਮੰਗੋਲੀਆ ਆਦਿ ਦੇ ਸਮਾਜਵਾਦੀ ਦੇਸ਼ਾਂ ਵੱਲ ਸੇਧਤ ਹੈ। ਦੂਜੇ ਅਮਰੀਕਾ

ਬਾਕੀ ਸਫ਼ਾ 22 ਤੇ

ਸਫ਼ਾ 5 ਦੀ ਬਾਕੀ

ਦਬਾ ਕਾਂਗਰਸ ਐਮ ਪੀਆਂ ਨੂੰ ਥਿੜਕਾ ਰਿਹਾ ਨਜ਼ਰ ਆ ਰਿਹਾ ਹੈ, ਉਸ ਦਾ ਪੱਕਾ ਸਬੂਤ ਤਾਂ 13 ਜੁਲਾਈ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਤੋਂ ਹੀ ਲੱਗੇਗਾ।

ਵੈਸੇ ਭਾਰਤ ਵਿਚ ਕਾਂਗਰਸ ਦੇ ਬਦਲ ਬਾਰੇ ਬਹਿਸਾਂ ਆਰੰਭ ਹੋ ਚੁੱਕੀਆਂ ਹਨ। ਵਿਰੋਧੀ ਪਾਰਟੀਆਂ ਦਾ ਸਜਾ ਧੜਾ ਜਨਤਾ ਲਹਿਰ ਵਾਂਗ ਹੀ ਇਕੱਠਾ ਹੋਣਾ ਚਾਹੁੰਦਾ ਹੈ, ਜਦੋਂ ਕਿ ਖੱਬੇ ਪੱਖੀ ਪਾਰਟੀਆਂ ਕਮਿਊਨਿਸਟਾਂ ਦੀ ਅਗਵਾਈ ਵਿਚ ਪਰੋਗਰਾਮ ਤੇ ਆਧਾਰਤ ਵਿਰੋਧੀ ਪਾਰਟੀਆਂ ਦੀ ਏਕਤਾ ਲਈ ਯਤਨਸ਼ੀਲ ਹੈ। ਅਸਲ ਪੁਜ਼ੀਸ਼ਨ ਤਾਂ ਰਾਸ਼ਟਰਪਤੀ ਚੋਣਾਂ ਤੋਂ ਮਗਰੋਂ ਹੀ ਸਪਸ਼ਟ ਹੋਵੇਗੀ, ਵੈਸੇ ਇਕ ਗੱਲ ਜੋ ਹੁਣ ਤੱਕ ਸਪਸ਼ਟ ਹੋ ਚੁੱਕੀ ਹੈ ਕਿ ਅਤਿ ਦੀ ਫਿਰਕੂ--ਹਿੰਦੂ ਸ਼ਾਵਨਵਾਦੀ ਪਾਰਟੀ ਭਾਰਤੀ ਜਨਤਾ ਪਾਰਟੀ ਰਾਸ਼ਟਰਪਤੀ ਚੋਣਾਂ ਵਿਚ ਨਿਖੜ ਕੇ ਇਕੱਲੀ ਰਹਿ ਗਈ ਹੈ। ਪਰ ਉਹ ਹਰਿਆਣਾ ਵਿਚ ਲੋਕ-ਦਲ ਨਾਲ ਰਾਜਭਾਗ ਵਿਚ ਸਾਂਝੀਦਾਰ ਹੈ।

ਹਰਿਆਣਾ ਚੋਣਾਂ ਨੇ ਉਸ ਧਾਰਾ ਨੂੰ ਹੋਰ ਤੇਜ਼ ਕਰ ਦਿੱਤਾ ਜਿਸ ਦਾ ਮੁੱਢ ਪ: ਬੰਗਾਲ ਅਤੇ ਕੇਰਲ ਨੇ ਬੰਨਿਆ ਸੀ। ਇਸ ਬਾਰ ਜਿਵੇਂ ਕਿ ਨਜ਼ਰ ਆ ਰਿਹਾ ਹੈ ਕਾਂਗਰਸ ਦੀ ਕੇਂਦਰ ਵਿਚ ਹਾਰ ਪੱਕੀ ਹੋਵੇਗੀ, ਉਹ ਦੁਬਾਰਾ ਤਾਕਤ ਵਿਚ ਆਉਣ ਜੋਗੀ ਨਹੀਂ ਰਹੇਗੀ ਜਿਵੇਂ ਕਿ 1980 ਵਿਚ ਜਨਤਾ ਸਰਕਾਰ ਦੇ ਡਿਗਣ ਤੋਂ ਮਗਰੋਂ ਤਾਕਤ ਵਿਚ ਆ ਗਈ।

ਭਾਰਤ ਦੇ ਇਤਿਹਾਸ ਦੇ ਇਸ ਦੌਰ ਵਿਚ ਸਾਮਰਾਜੀਆਂ ਦੀ ਮੁਦਾਖਲਤ ਨਵੇਂ ਨਵੇਂ ਰੂਪਾਂ ਵਿਚ ਲੋਕਾਂ ਦੀ ਏਕਤਾ ਨੂੰ ਤੋੜਨ ਲਈ ਏਸ ਲਈ ਅਰੰਭੀ ਜਾ ਚੁੱਕੀ ਹੈ ਕਿ ਭਾਰਤ ਲੋਕ ਜਮਹੂਰੀ ਰਾਹ ਤੋਂ ਥਿੜਕ ਜਾਵੇ।

# ਸਮਾਜਵਾਦੀ ਦੇਸ਼ਾਂ ਦੀ ਨਵੀਂ ਸਾਂਝੀ ਪਹਿਲਕਦਮੀ

ਨਿਸ਼ਸਤਰੀਕਰਨ ਕਾਨਫਰੰਸ ਨੇ 9 ਜੂਨ ਨੂੰ ਜੇਨੇਵਾ ਵਿਚ ਕੌਮਾਂਤਰੀ ਮਹੱਲ ਵਿਚ ਆਪਣਾ ਕੰਮ ਆਰੰਭ ਕੀਤਾ। ਸਮਾਜਵਾਦੀ ਦੇਸਾਂ ਦੇ ਗਰੁੱਪ ਦੀ ਨਿਊ-ਕਲਿਆਈ ਹਥਿਆਰਾਂ ਦੇ ਪਰੀਖਣਾਂ ਦੀ ਆਮ ਅਤੇ ਸੰਪੂਰਨ ਮਨਾਹੀ ਬਾਰੇ ਇਕ ਸੰਧੀ ਦੀਆਂ ਬੁਨਿਆਦੀ ਮੱਦਾਂ ਨਾਅ ਦੀ ਇਕ ਸਾਂਝੀ ਦਸਤਾਵੇਜ ਨੂੰ ਇਸ ਵਿਚ ਭਾਗ ਲੈਣ ਵਾਲਿਆਂ ਵਲੋਂ ਪਹਿਲੇ ਸੰਪੂਰਨ ਸੈਸ਼ਨ ਵਿਚ ਪੇਸ਼ ਕੀਤਾ ਗਿਆ।

ਸੋਵੀਅਤ ਯੂਨੀਅਨ ਦੇ ਉਪ ਬਦੇਸ਼ ਮੰਤਰੀ ਵਲਾਦੀਮੀਰ ਪੇਤਰੋਵਸਕੀ ਨੇ ਇਹ ਦਸਤਾਵੇਜ਼ ਪੇਸ਼ ਕਰਦਿਆਂ ਕਿਹਾ ਕਿ ਇਸ ਸੰਧੀ ਦੇ ਖਰੜੇ ਦਾ ਵਿਸ਼ਾ ਅਜਿਹੇ ਵਿਚਾਰਾਂ ਅਤੇ ਨਵੀਂ ਰਾਜਨੀਤਕ ਸੋਚ ਦੀ ਭਾਵਨਾ ਨਾਲ ਭਰਿਆ ਪਿਆ ਹੈ ਜਿਹੜਾ ਕਿ ਇਹ ਮੰਗ ਕਰਦਾ ਹੈ ਕਿ ਡਿਪਲੋਮੈਟਿਕ ਅਮਲ ਨੂੰ ਨਿਊਕਲਿਆਈ ਪੁਲਾੜ ਯੁਗ ਦੀਆਂ ਹਕੀਕਤਾਂ ਨਾਲ ਮੇਲ ਖਾਣ ਵਾਲਾ ਬਣਾਇਆ ਜਾਣਾ ਚਾਹੀਦਾ ਹੈ।

ਬੁਲਾਰੇ ਨੇ ਕਿਹਾ ਕਿ ਇਸ ਦਸਤਾਵੇਜ਼ ਵਿਚ ਪਰੀਖਣ ਅੱਡਿਆਂ ਦੀਆਂ ਥਾਵਾਂ ਦੀ ਘੋਸ਼ਣਾ ਤੋਂ ਲੈ ਕੇ ਇਹਨਾਂ ਅਡਿਆਂ ਵਿਚ ਨਿਊਕਲਿਆਈ ਹਥਿਆਰ ਪਰੀਖਣ ਨਾ ਕੀਤੇ ਜਾਣ ਦੇ ਪੁਸ਼ਟੀਕਰਨ ਵਿਚ ਕੌਮਾਂਤਰੀ ਨਿਰੀਖਕਾਂ ਦੀ ਭਾਈਵਾਲੀ ਤਕ ਦੇ ਵਿਸਤ੍ਰਿਤ ਕੰਟਰੋਲ ਸਾਧਨ ਸ਼ਾਮਲ ਕੀਤੇ ਗਏ ਹਨ।

ਸੋਵੀਅਤ ਉਪ ਬਦੇਸ਼ ਮੰਤਰੀ ਨੇ ਕਿਹਾ ਕਿ ਕਾਰਗਰ ਪੁਸ਼ਟੀਕਰਨ ਨੂੰ ਯਕੀਨੀ ਬਣਾਉਣ ਲਈ ਅਸੀਂ ਕੌਮਾਂਤਰੀ ਨਿਰੀਖਕਾਂ ਦਾ ਇਕ ਸੰਸਥਾਨ ਬਣਾਉਣ ਦਾ ਸੁਝਾਅ ਦਿੰਦੇ ਹਾਂ।

ਭੂਚਾਲੀ ਕੰਟਰੋਲ ਦਾ ਇਕ ਕੌਮਾਂ-ਤਰੀ ਜਾਲ ਵਿਛਾਉਣ ਦੇ ਸਵਾਲ ਉਤੇ ਵੀ ਇਸ ਦਸਤਾਵੇਜ ਵਿਚ ਖਾਸਾ ਧਿਆਨ ਦਿਤਾ ਗਿਆ ਹੈ। ਮਿਆਰੀ ਲੱਛਣਾਂ ਵਾਲੇ ਭੂਚਾਲੇ ਕੇਂਦਰਾਂ, ਜਿਹਨਾਂ ਦੀ ਕਾਰਜਪਰਣਾਲੀ ਨੂੰ ਕੌਮਾਂਤਰੀ ਨਿਰੀਖਣ ਕਰਨ ਵਾਲੇ ਨਿਰੀਖਕ ਦੇਖਣਗੇ, ਇਸ ਜਾਲ ਦਾ ਬੁਨਿਆਦੀ ਹਿੰਸਾ ਬਣਨਗੇ। ਇਸ ਸੁਝਾਅ ਦੀ ਪੂਰਤੀ ਰਾਜਾਂ ਵਿਚਕਾਰ ਆਪਸੀ ਭਰੋਸੇ ਦੇ ਮਾਹੌਲ ਦੀ ਸਿਰਜਣਾ ਨੂੰ ਕਾਫੀ ਸੌਖਾ ਬਣਾ ਦੇਵੇਗੀ। ਇਸ ਮੰਤਵ ਦੀ ਪੂਰਤੀ ਕਰਨ ਵਾਲਾ ਅਨਸਰ ਹਵਾਪੁੰਜ ਦੀ ਕਿਰਣਾਹਟ ਬਾਰੇ ਅੰਕੜਿਆਂ ਦੇ ਕੌਮਾਂਤਰੀ ਵਟਾਂਦਰੇ ਨੂੰ ਸਮਰਪਤ ਵਿਸ਼ੇਸ਼ ਖੰਡ ਵਿਚ ਦਰਜ ਹੈ।

ਵਲਾਦੀਮੀਰ ਪੇਤਰੋਵਕੀ ਨੇ ਅਗੇ ਕਿਹਾ ਕਿ ਸਾਡੀ ਸੁਝਾਈ ਪੁਸ਼ਟੀਕਰਨ ਦੀ ਪਰਣਾਲੀ ਵਿਚ ਥਾਂ ਉਤੇ ਨਿਰੀਖਣ ਇਕ ਮਹੱਤਵਪੂਰਨ ਥਾਂ ਰਖਦਾ ਹੈ। ਅਸੀਂ ਉਹਨਾਂ ਸਵਾਲਾਂ, ਜਿਹੜੇ ਕਿ ਇਸ ਸੰਧੀ ਦੀ ਪਾਲਣਾ ਬਾਰੇ ਸ਼ੱਕ ਪੈਦਾ ਕਰਦੇ ਹਨ

**PAUL'S**
PLUMBING, ELECTRICAL
& HEATING SUPPLY



Plumbing & Bathroom
Fixtures & Supplies
Hot Water Tanks

Hot Water Heating
& Supplies
And Instalations

4774 MAIN ST. AT 32ND Vancouver
PH. 872-3118, 872-7227
OPEN SUNDAYS

ਖੁਰ ਆਦਿ ਝੜ ਜਾਂਦੇ ਹਨ ਤੇ ਸਰੀਰ ਤੇ ਜ਼ਖਮ ਹੋ ਜਾਂਦੇ ਹਨ।

ਧਾਤਾਂ ਦੀ ਘਾਟ ਨੂੰ ਰੋਕਣ ਲਈ ਕੀ ਕਰਨਾ ਚਾਹੀਦਾ ਹੈ :—ਧਾਤਾਂ ਦੀ ਘਾਟ ਨੂੰ ਰੋਕਣ ਲਈ ਧਾਤਾਂ, ਦੇ ਮਿਸ਼ਰਨ ਨੂੰ ਪਸ਼ੂ ਦੀ ਖੁਰਾਕ ਦਾ ਜ਼ਰੂਰੀ ਅੰਗ ਬਣਾਉਣਾ ਚਾਹੀਦਾ ਹੈ। ਧਾਤਾਂ ਠੀਕ ਅਨੁਪਾਤ ਤੇ ਮਿਕਦਾਰ ਵਿਚ ਪਸ਼ੂ ਨੂੰ ਦੇਣੀਆਂ ਚਾਹੀਦੀਆਂ ਹਨ। ਇਹ ਕੰਮ ਧਾਤਾਂ ਦੇ ਠੀਕ ਅਨੁਪਾਤ ਨਾਲ ਬਣਿਆ ਹੋਇਆ ਮਿਸ਼ਰਨ ਹੀ ਕਰ ਸਕਦਾ ਹੈ। ਆਈ. ਐਸ. ਆਈ ਮਿਆਰ ਵਾਲਾ ਤੇ ਭਰੋਸੇ ਯੋਗ ਕੰਪਨੀ ਦਾ ਮਿਸ਼ਰਨ ਹੀ ਵਰਤਣਾ ਚਾਹੀਦਾ ਹੈ।

ਮਿਸ਼ਰਨ ਦੀ ਖੁਰਾਕ ਪਸ਼ੂ ਦੀ ਉਮਰ, ਸਿਹਤ ਤੇ ਕੰਮ ਮੁਤਾਬਿਕ ਹੁੰਦੀ ਹੈ ਛੋਟੇ ਪਸ਼ੂ ਨੂੰ ਥੋੜੀ ਤੇ ਬੜੇ ਨੂੰ ਜ਼ਿਆਦਾ ਦੇਣੀ ਪੈਂਦੀ ਹੈ। ਇਸੇ ਤਰਾਂ ਵਧ ਦੁਧ ਦੇਣ ਵਾਲੇ ਨੂੰ ਵੀ ਘਟ ਦੁਧ ਦੇਣ ਵਾਲੇ ਨਾਲੋਂ ਜ਼ਿਆਦਾ ਮਿਸ਼ਰਨ ਦੀ ਲੋੜ ਹੁੰਦੀ ਹੈ। ਮਿਸ਼ਰਨ ਕਟੜੂਆਂ ਤੇ ਬਘੜੂਆਂ ਨੂੰ 15-30 ਗਰਾਮ ਪ੍ਰਤੀ ਦਿਨ ਦੇਣ ਦੀ ਲੋੜ ਹੈ। ਜਵਾਨ ਤੇ ਦੁਧ ਦੇਣ ਵਾਲੇ ਨੂੰ 50 ਗਰਾਮ ਤੇ ਸੂਣ ਵਾਲੇ ਪਸ਼ੂ ਨੂੰ 100 ਗਰਾਮ ਹਰ ਰੋਜ਼ ਦੇਣਾ ਚਾਹੀਦਾ ਹੈ।

ਮਿਸ਼ਰਨ ਦੇਣ ਦਾ ਸਭ ਤੋਂ ਚੰਗਾ ਢੰਗ ਤਾਂ ਇਹ ਹੈ ਕਿ ਮਿਸ਼ਰਨ ਪਸ਼ੂ ਦੀ ਖੁਰਲੀ ਵਿਚ ਇਕ ਪਾਸੇ ਰਖ ਦਿਤਾ ਜਾਵੇ ਤਾਂ ਜੋ ਉਹ ਆਪਣੀ ਲੋੜ ਮੁਤਾਬਿਕ ਇਸ ਨੂੰ ਖਾ ਸਕੇ। ਦੂਸਰਾ ਤਰੀਕਾ ਇਸ ਨੂੰ ਵੰਡ ਵਿਚ ਮਿਲਾਕੇ ਖੁਆਣ ਦਾ ਹੈ। 100 ਕਿਲੋ ਗਰਾਮ ਵਿਚ 2 ਕਿਲੋ ਧਾਤਾਂ ਦਾ ਮਿਸ਼ਰਨ ਤੇ 1 ਕਿਲੋਗਰਾਮ ਲੂਣ ਮਿਲਾ ਲਵੋ। ਇਸ ਤਰਾਂ ਹਰ ਰੋਜ਼ ਦੇ ਵੰਡ ਵਿਚ ਪਸ਼ੂ ਨੂੰ ਧਾਤਾਂ ਦਾ ਮਿਸ਼ਰਨ ਆਪਣੇ ਆਪ ਮਿਲ ਜਾਂਦਾ ਹੈ।

ਬਾਕੀ ਸਫ਼ਾ 13 ਉਤੇ

**TRU FOODS DISTRIBUTORS LTD.**

**Specializing in Health Foods**

■ **Vitamins** ■ **Herbs and all East Indian Foods**

PROPRITER **Mander Brothers**

Tele.(604) **584-7011**

●10705 — King George Hwy Surrey, B.C. V3T 2X6 ●10053 — 136 A St. Surrey, B.C. V3T 4G1

# ਹਰਿਆਣੇ ਵਿਚ ਕਾਂਗ੍ਰਸ ਆਈ ਦੀ ਹਾਰ ਪਿੱਛੋਂ "ਦਿੱਲੀ ਦਾ ਤੱਖਤ ਹਿੱਲ ਗਿਆ"

ਸੁਹੇਲ ਸਿੰਘ

ਹਰਿਆਣੇ ਵਿਚ ਕਾਂਗਰਸ ਆਈ ਨੂੰ ਹੂੰਝਾ ਫੇਰ ਹਾਰ ਹੋਈ ਹੈ । ਕਾਂਗਰਸ ਘੱਟ-ਸੰਮਤੀ ਵਿਚ ਰਹਿ ਜਾਵੇਗੀ ਇਸ ਗੱਲ ਦਾ ਅਨੁਮਾਨ ਤਾਂ ਸੱਭੇ ਹੀ ਧਿਰਾਂ ਲਾ ਰਹੀਆਂ ਸਨ ਪਰ ਕਾਂਗਰਸ ਆਈ ਦੇ ਇਸ ਤਰਾਂ ਹੂੰਝੀ ਜਾਣ ਬਾਰੇ ਕਿਸੇ ਨੂੰ ਵੀ ਚਿਤ ਚੇਤਾ ਨਹੀਂ ਸੀ । ਹਰਿਆਣੇ ਦੀ ਇਹ ਹਾਰ ਇਕ ਤਰਾਂ ਨਾਲ 1977 ਵਰਗੀ ਹੀ ਹੈ।

ਹਰਿਆਣੇ ਵਿਚ ਕਾਂਗਰਸ ਆਈ ਦੀ ਹੂੰਝਾ ਫੇਰ ਹਾਰ ਨੇ ਦੇਸ ਅੰਦਰ ਇਕ ਨਵੀਂ ਬਹਿਸ ਛੇੜ ਦਿਤੀ ਹੈ—ਇਹ ਬਹਿਸ ਇਹ ਹੈ ਕਿ ਕੀ ਇਹਨਾਂ ਚੋਣਾਂ ਦਾ ਅਸਰ ਕੌਮੀ ਪੱਧਰ ਉਤੇ ਵੀ ਪਏਗਾ ? ਕੀ ਕਾਂਗਰਸ ਆਈ ਵਿਰੁੱਧ ਇਵੇਂ ਹੀ ਹਿੰਦੀ ਜ਼ੋਨ ਵਿਚ ਵੀ ਉਭਾਰ ਪਾਇਆ ਜਾ ਰਿਹਾ ਹੈ ?

ਕੀ ਰਾਜੀਵ ਗਾਂਧੀ ਦੀ ਸਰਕਾਰ ਨੂੰ ਆਉਣ ਵਾਲੇ ਸਮੇਂ ਵਿਚ ਕਿਸੇ ਨਵੇਂ ਸੰਕਟ ਦਾ ਸਾਹਮਣਾ ਕਰਨਾ ਪਏਗਾਂ ?

ਹਰਿਆਣਾ ਵਿਚ ਕਾਂਗਰਸ ਆਈ ਦੀ ਹਾਰ ਨਾਲ ਦੇਸ਼ ਵਿਚ ਸਿਰਫ 50 ਪ੍ਰਤੀਸ਼ਤ ਸੂਬਿਆਂ ਵਿਚ ਹੀ ਕਾਂਗਰਸ ਆਈ ਦੀਆਂ ਸਰਕਾਰਾਂ ਰਹਿ ਗਈਆਂ ਹਨ ।

ਜਦੋਂ ਦੇ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣੇ ਹਨ ਭਾਵੇਂ ਉਹਨਾਂ ਨੇ ਨਵੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਬਹੁਤ ਹੀ ਵੱਡੀ ਜਿੱਤ ਪ੍ਰਾਪਤ ਕੀਤੀ ਅਤੇ ਪਿਛਲੇ ਸਾਰੇ ਰੀਕਾਰਡ ਮਾਤ ਪਾ ਦਿੱਤੇ ਪਰ ਰਾਜਾਂ ਦੀਆਂ ਚੋਣਾਂ ਵਿਚ ਉਹਨਾ ਨੇ ਇਕ ਵੀ ਸੂਬਾ ਵਿਰੋਧੀ ਧਿਰ ਪਾਸੋਂ ਨਹੀਂ ਜਿੱਤਿਆ । ਦੂਜੇ ਪਾਸੇ ਕੁਝ ਸੂਬੇ ਜਿੰਨਾਂ ਵਿਚ ਪਹਿਲਾਂ ਕਾਂਗਰਸ ਆਈ ਦੀਆਂ ਹਕੂਮਤਾਂ ਸਨ ਉਥੇ ਚੋਣਾਂ ਪਿਛੋਂ ਵਿਰੋਧੀ ਧਿਰਾਂ ਦੀਆਂ ਸਰਕਾਰਾਂ ਬਣ ਗਈਆਂ ਸਨ। ਹੁਣ ਇਹਨਾਂ ਵਿਚ ਹਰਿਆਣਾ ਵੀ ਸ਼ਾਮਲ ਹੋ ਗਿਆ ਹੈ ।

ਹਰਿਆਣੇ ਦੀਆਂ ਚੋਣਾਂ ਦੇ ਸਿਟਿਆਂ ਬਾਰੇ ਵੱਖ ਵੱਖ ਪਾਰਟੀਆਂ ਦੇ ਪ੍ਰਤੀਕਰਮ ਸਾਹਮਣੇ ਆ ਚੁਕੇ ਹਨ । ਪ੍ਰੈਸ ਦੀਆਂ ਟਿਪਣੀਆਂ ਵੀ ਆ ਚੁਕੀਆਂ ਹਨ । ਇਹਨਾਂ ਸਭਨਾ ਦਾਂ ਨਚੋੜ ਇਹ ਹੈ ਕਿ ਦੇਸ ਅੰਦਰ ਕਾਂਗਰਸ ਆਈ ਦੀਆਂ ਲੋਕ ਦੁਸ਼ਮਣ ਪਾਲਸੀਆਂ ਅਤੇ ਕੇਂਦਰ ਸਰਕਾਰ ਵਿਚ ਉਚੀ ਪੱਧਰ ਉਤੇ ਕੁਰਪਸ਼ਪ ਅਤੇ ਸਕੈਂਡਲਾਂ ਦੇ ਨੰਗੇ ਹੋਣ ਕਾਰਨ ਇਸ ਵਿਰੁੱਧ ਭਾਰੀ ਜਨਤਕ ਬੇ-ਚੈਨੀ ਪਾਈ ਜਾ ਰਹੀ ਹੈ ।

ਹਰਿਆਣਾ ਰਾਜ ਦੀਆਂ ਚੋਣਾਂ ਦੇ ਨਤੀਜਿਆਂ ਨੂੰ ਕੁਝ ਵਿਸ਼ੇਸ਼ ਪੱਖਾਂ ਤੋਂ ਵੀ ਵੇਖਣਾ ਪਵੇਗਾ । ਉਹ ਪੱਖ ਕਿਹੜੇ ਹਨ ? ਇਸ ਗਲ ਵਿਚ ਕੋਈ ਵੀ ਸ਼ੱਕ ਨਹੀਂ ਕਿ ਹਰਿਆਣੇ ਦੀਆਂ ਚੋਣਾਂ ਵਿਚ ਵਧੇਰੇ ਕਰਕੇ ਬਰਾਦਰੀਵਾਦ ਅਤੇ ਇਲਾਕਾਵਾਦ ਆਦਿ ਦੇ ਨਾਹਰੇ ਵੀ ਚਲਦੇ ਹਨ ਅਤੇ ਹੋਰ ਸਸਤੀ ਕਿਸਮ ਦੇ ਨਾਹਰੇ ਵੀ । ਪਰ ਇਸ ਵਾਰ ਦੀਆਂ ਚੋਣਾਂ ਵਿਚ ਭਾਵੇਂ ਇਹ ਸੱਭੇ ਕਿਸਮ ਦੇ ਨਾਹਰੇ ਚਲੇ ਤੇ ਨਾਲ ਹੀ ਜੇਤੂ ਫਰੰਟ ਨੇ 'ਪੰਜਾਬ ਸਮਝੌਤੇ ਨੂੰ ਹਰਿ-ਆਨਾ ਦੇ ਹਿੱਤਾਂ ਵਿਰੁਧ ਹੋਣ' ਦੇ ਨਾਹਰੇ ਨੂੰ ਵੀ ਬੜਾ ਧੁਮਾਇਆ ਪਰ ਜਿਸ ਤਰਾਂ ਚੋਣਾਂ ਵਿਚ ਹਾਕਮ ਕਾਂਗਰਸ ਆਈ ਦਾ ਸਫਾਇਆ ਹੋਇਆ ਹੈ ਅਤੇ ਮੁਖ ਮੰਤਰੀ ਸਮੇਤ ਸਾਰਾ ਹੀ ਮੰਤਰੀ ਮੰਡਲ ਹਾਰ ਗਿਆ ਹੈ ਅਤੇ ਹਾਰਾਂ ਵੀ ਬਹੁਤ ਵਡੇ ਫਰਕ ਨਾਲ ਹੋਈਆਂ ਹਨ ਉਸ ਤੋਂ ਇਸ ਗਲ ਦੀ ਪੁਸ਼ਟੀ ਹੁੰਦੀ ਹੈ ਕਿ ਹਾਕਮ ਕਾਂਗਰਸ ਆਈ ਦੀਆਂ ਨੀਤੀਆਂ ਵਿਰੁਧ ਵਿਸ਼ਾਲ ਰੋਹ ਪਾਇਆ ਜਾ ਰਿਹਾ ਹੈ—ਅਤੇ ਇਸ ਰੋਹ ਦੀ ਹਾਥ ਨਾ ਹੀ ਹਾਕਮ ਕਾਂਗਰਸ ਪਾਰਟੀ ਲਾ ਸਕੀ ਤਾਂ ਹੀ ਹਰਿਆਣੇ ਦੀ ਚੋਣ ਵਿਚ ਕੁਦੀਆਂ ਹੋਰ ਪਾਰਟੀਆਂ ।

ਹਰਿਆਣਾ ਦੀਆਂ ਚੋਣਾਂ ਦੇ ਸਿਟਿਆਂ ਦਾ ਪੂਰਾ ਵਿਸ਼ਲੇਸ਼ਨ ਤਾਂ ਹਰ ਸੀਟ ਦੇ ਨਤੀਜਿਆਂ ਬਾਰੇ ਪੂਰੇ ਵੇਰਵੇ ਸਾਹਮਣੇ ਆਉਣ ਤੇ ਹੀ ਕੀਤਾ ਜਾਵੇਗਾ ਪਰ ਅਜੋਕੀ ਅਵਸਥਾ ਵਿਚ ਇਹ ਕਹੇ ਬਿਨਾਂ ਨਹੀਂ ਰਿਹਾ ਜਾ ਸਕਦਾ ਕਿ ਇਨਾਂ ਨਤੀਜਿਆਂ ਨੇ ਕੇਂਦਰ ਵਿਚ ਹਕੂਮਤ ਕਰ ਰਹੀ ਪਾਰਟੀ ਅਤੇ ਪਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਬੁਰੀ ਤਰਾਂ ਹਿਲਾ ਦਿਤਾ ਹੈ ਅਤੇ ਚੋਣ ਨਤੀਨਿਆਂ ਦੇ ਸਾਹ-ਮਣੇ ਆਉਣ ਤੋਂ ਲੈ ਕੇ ਹੁਣ ਤਕ ਵੀ ਪਰਧਾਨ ਮੰਤਰੀ ਨੇ ਇਸ ਸਬੰਧ ਵਿਚ ਮੂੰਹ ਨਹੀਂ ਖੋਲਿਆ ।

ਹਰਿਆਣੇ ਵਿਚ ਕਾਂਗਰਸ ਆਈ ਨੂੰ ਹੋਈ ਇਸ ਲੱਕ-ਤੋੜ ਹਾਰ ਨੇ ਦੇਸ਼ ਵਿਚਲੇ ਸਿਆਸੀ ਵਾਤਾਵਰਨ ਵਿਚ ਤੇਜ਼ ਤਬਦੀਲੀ ਲੈ ਆਂਦੀ ਹੈ ।

ਕਾਂਗਰਸ ਆਈ ਜੇ ਹਰਿਆਣੇ ਦੀਆਂ ਚੋਣਾਂ ਦਾ ਵਿਸ਼ਲੇਸ਼ਨ ਕਰਦੀ ਹੈ ਤਾਂ ਉਸ ਨੂੰ ਇਸ ਗਲ ਦਾ ਨੋਟਿਸ ਲਏ ਬਿਨਾਂ ਨਹੀਂ ਉਠਣਾ ਚਾਹੀਦਾ ਕਿ ਹੋਰ ਗੱਲਾਂ ਤੋਂ ਛੁਟ ਇਸ ਹਾਰ ਲਈ ਪਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਉਹਨਾਂ ਵਲੋਂ ਧਾਰਨ ਕੀਤੀਆਂ ਮੌਕਾ ਪ੍ਰਸਤ ਪਾਲਸੀਆਂ ਹੀ ਜ਼ੁਮੇਂਵਾਰ ਹਨ ।

ਰਾਜੀਵ ਗਾਂਧੀ ਨੇ ਹਰਿਆਣੇ ਦੀਆਂ ਚੋਣਾਂ ਜਿੱਤਣ ਲਈ ਕਈ ਤਰਾਂ ਦੇ ਹਰਬੇ ਵਰਤੇ । ਪਹਿਲਾਂ ਇਹਨਾਂ ਚੋਣਾਂ ਨੂੰ ਤਿੰਨ ਰਾਜਾਂ ਦੀਆਂ ਚੋਣਾਂ ਦੇ ਨਾਲ ਕਰਾਉਣ ਤੋਂ ਨਾਂਹ ਕੀਤੀ ਗਈ । ਫੇਰ ਪਿਛੋਂ ਹਰਿਆਣਾ ਦੀਆਂ ਚੋਣਾਂ ਦੀ


**WHEATON**

**PONTIAC BUICK GMC LTD.**

ਨਵੀਂਆਂ ਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜਿਮੀ ਲੈਣ ਲਈ ਆਪਣੇ ਜਾਣੇ ਪਛਾਣੇ ਸੇਲਜ਼ਮੈਨ ਨੂੰ ਮਿਲੋ

ਕੁਲਦੀਪ ਸਿੰਘ ਝੰਡ ਨੂੰ ਫੂਨ ਕਰੋ ਜਾਂ ਮਿਲੋ

Bus. 526-2781

Res. 524-4137

Pager 687-7711 #7610

325 - 12th St., New Westminster, B.C.



ਕੁਲਦੀਪ ਸਿੰਘ ਝੰਡ

ਮੁਹਿੰਮ ਦੌਰਾਨ ਬਰਨਾਲਾ ਦੀ ਸਰਕਾਰ ਤੋੜੀ ਗਈ ਤਾਂ ਜੋ ਇਸ ਕਾਰਨ ਚੋਣਾਂ ਵਿਚ ਲਾਭ ਖਟਿਆ ਜਾ ਸਕੇ । ਇਸ ਸਬੰਧ ਵਿਚ ਇਹ ਗਲ ਵੀ ਵਰਨਣਯੋਗ ਹੈ ਕਿ ਹਰਿਅਣੇ ਦੀਆਂ ਚੋਣਾਂ ਦੇ ਐਲਾਨ ਤੋਂ ਪਹਿਲਾਂ ਖ਼ੁਦ ਪਰਧਾਨ ਮੰਤਰੀ ਰਾਜੀਵ ਗਾਂਧੀ ਨੇ ਹਰਿਆਣੇ ਵਿਚ ਹੀ ਇਕ ਸਭਾ ਵਿਚ ਬੋਲਦਿਆਂ ਸੁਰਜੀਤ ਸਿੰਘ ਬਰਨਾਲਾ ਦੀ ਮਹਾਂਰਾਜਾ ਰਣਜੀਤ ਸਿੰਘ ਨਾਲ ਤੁਲਣਾਂ ਕੀਤੀ ਸੀ । ਇਸ ਤੋਂ ਪਹਿਲਾਂ ਪਾਰਲੀਮੈਂਟ ਦੇ ਬਜ਼ਟ ਸਮਾਗਮ ਦਾ ਉਦਘਾਟਨ ਕਰਦਿਆਂ ਦੇਸ਼ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਸ੍ਰੀ ਸੁਰਜੀਤ ਸਿੰਘ ਬਰਨਾਲਾ ਬਾਰੇ ਇਹ ਕਿਹਾ ਸੀ ਕਿ ਉਹ ਸਾਰੇ ਦੇਸ਼ ਦੀ ਜੰਗ ਲੜ ਰਹੇ ਹਨ ।

ਪ੍ਰਧਾਨ ਮੰਤਰੀ ਨੇ ਪੰਜਾਬ ਸਮਝੌਤੇ ਨੂੰ ਹਰਿਆਂਣਾ ਦੀਆਂ ਚੋਣਾਂ ਸਮੇਂ ਖ਼ੂਬ ਰੋਲਿਆ ਅਤੇ ਹਰਿਆਣੇ ਨੂੰ ਵਧ ਪਾਣੀ ਦੇਣ ਤੇ ਹੋਰ ਹਰ ਤਰਾਂ ਦੇ ਝੂਠੇ ਵਾਹਦੇ ਕਰਨ ਤਕ ਦੀਆਂ ਫੜਾਂ ਮਾਰੀਆਂ, ਪਰ ਉਹਨਾਂ ਦੀਆਂ ਇਹ ਪਲੱਥੇਬਾਜੀਆਂ ਹਰਿਆਣੇ ਦੇ ਵੋਟਰਾਂ ਨੂੰ ਬੁਧੂ ਨਾ ਬਣਾ ਸਕੀਆਂ ।

ਰਾਜੀਵ ਗਾਂਧੀ ਦੀ ਸਰਕਾਰ ਵਲੋਂ ਧਾਰਨ ਕੀਤੀਆਂ ਮੌਕਾਪ੍ਰਸਤ ਪਾਲਸੀਆਂ, ਕੁਰਪਸ਼ਨ ਸਕੈਂਡਲਾਂ, ਕਾਂਗਰਸ ਆਈ ਸਰਕਾਰ ਦੀਆਂ ਲੋਕ ਦੁਸ਼ਮਣ ਪਾਲਸੀਆਂ ਕਾਰਨ ਪੇਂਡੂ ਜਨਤਾ ਦਾ ਨਿਕਲ ਰਿਹਾ ਕਚੂਮਰ ਅਤੇ ਹੰਗਾਮੀ ਹਾਲਤ ਸਮੇਂ ਦੇ ਬਦਨਾਮ ਤੇ ਕੁਰਪਟ ਵਿਅਕਤੀ ਬੰਸੀ ਲਾਲ ਨੂੰ ਹਰਿਆਣੇ ਦਾ ਮੁੱਖ ਮੰਤਰੀ ਬਨਾਉਣਾ ਆਦਿ ਹਰਿਆਣੇ ਵਿਚ ਕਾਂਗਰਸ ਦੀ ਹਾਰ ਦਾ ਕਾਰਨ ਬਣੇ। ਇਹਨਾਂ ਮੁਖ ਕਾਰਨਾਂ ਤੋਂ ਬਿਨਾ ਕੁਝ ਹੋਰ ਮੁਕਾਮੀ ਕਾਰਨਾਂ ਕਰਕੇ ਕਾਂਗਰਸ ਦੀ ਹਾਰ ਹੋਰ ਵੀ ਹੂੰਝ ਫੇਰ ਬਣ ਗਈ ।

ਹਰਿਆਣਾ ਵਿਚ ਵੋਟਰਾਂ ਨੇ ਕਾਂਗਰਸ ਆਈ ਨੂੰ ਜਿਹੜੀ ਹੂੰਝਾ-ਫੇਰ ਹਾਰ ਦਿਤੀ ਹੈ ਉਸ ਨਾਲ ਕਾਂਗਰਸ ਆਈ ਦੇ ਬੁਰੀ ਤਰਾਂ ਨਿਖੇੜੇ ਦਾ ਅਮਲ ਤੇਜ਼ ਹੋ ਗਿਆ ਹੈ ।

ਹਰਿਆਣੇ ਵਿਚ ਦੇਵੀ ਲਾਲ ਦੀ ਜਿੱਤ ਤੋਂ ਪਿਛੋਂ ਉਹਨਾਂ ਦੇ ਸਿਰ ਵਡੀਆਂ ਜ਼ੁਮੇਂਵਾਰੀਆਂ ਆ ਪਈਆਂ ਹਨ ਅਤੇ ਉਹਨਾਂ ਨੂੰ ਇਹ ਜ਼ੁਮੇਂਵਾਰੀਆਂ ਨਿਭਾਉਣੀਆਂ ਹੋਣਗੀਆਂ । ਪਹਿਲੀ ਗਲ ਤਾਂ ਇਹ ਹੈ ਕਿ ਉਹਨਾਂ ਨੂੰ ਲੋਕਾਂ ਦੇ ਹਿੱਤ ਵਿਚ ਕਦਮ ਪੁਟਣੇ ਚਾਹੀਦੇ ਹਨ ਅਤੇ ਲੋਕਾਂ ਦੇ ਭਖਦੇ ਮਸਲਿਆਂ ਨੂੰ ਹੱਲ ਕਰਨ ਲਈ ਯਤਨ ਕਰਨੇ ਚਾਹੀਦੇ ਹਨ । ਦੂਜੀ ਗਲ ਇਹ ਹੈ ਕਿ ਕੌਮੀ ਕਦਰਾਂ ਕੀਮਤਾਂ ਦੀ ਡਟਕੇ ਰਾਖੀ ਕਰਨੀ ਚਾਹੀਦੀ ਹੈ ਅਤੇ ਵੰਡਵਾਦੀ ਸ਼ਕਤੀਆਂ ਵਿਰੁਧ ਡਟਕੇ ਲੜਾਈ ਦੇਣੀ ਚਾਹੀਦੀ ਹੈ ।

ਹਰਿਅਣੇ ਵਿਚ ਦੇਵੀ ਲਾਲ ਦੀ ਅਗਵਾਈ ਵਿਚ ਗੱਦੀ ਉਤੇ ਬੈਠੀ ਨਵੀਂ ਸਰਕਾਰ ਤੋਂ ਇਸ ਗੱਲ ਦੀ ਵੀ ਆਸ ਕੀਤੀ ਜਾਂਦੀ ਹੈ ਕਿ ਇਹ ਜਿਥੇ ਹਰ ਪਹਿਲੂ ਤੋਂ ਪੰਜਾਬ ਨਾਲ ਆਪਣੇ ਸਬੰਧ ਚੰਗੇ ਬਨਾਉਣ ਦੀ ਕੋਸ਼ਿਸ਼ ਕਰੇਗੀ ਉਥੇ ਪੰਜ਼ਾਬ ਮਸਲੇ ਨੂੰ ਹੱਲ ਕਰਨ ਲਈ ਵੀ ਆਪਣਾ ਦਬਾਅ ਪਾਵੇਗੀ ਅਤੇ ਹਰਿਆਣੇ ਨੂੰ ਕੇਂਦਰੀ ਸਰਕਾਰ ਵਲੋਂ ਹੱਥ-ਠੋਕੇ ਵਜੋਂ ਵਰਤਣ ਦੀ ਆਗਿਆ ਨਹੀਂ ਦੇਵਗੀ ਜਿਵੇਂ ਕਿ ਪਹਿਲੇ ਹਰਿਆਣੇ ਦੇ ਹਾਕਮਾਂ ਦੇ ਰੱਖੀ ਸੀ ।

ਹਰਿਆਣ ਦੀਆਂ ਚੋਣਾਂ ਦੇ ਸਿਟਿਆਂ ਨਾਲ ਰਾਜੀਵ ਗਾਂਧੀ ਤੇ ਉਸਦੀ ਸਰਕਾਰ ਨੂੰ ਬੁਰੀ ਤਰਾਂ ਝਟਕਾ ਲੱਗਾ ਹੈ । ਪਰ ਇਸਦਾ ਫੌਰੀ ਤੌਰ 'ਤੇ ਰਾਜੀਵ ਗਾਂਧੀ ਦੀ ਸਰਕਾਰ ਉਤੇ ਕੋਈ ਅਸਰ ਨਹੀਂ ਪਏਗਾ । ਭਾਵੇਂ ਕਿ ਚੋਣ ਸਿਟਿਆਂ ਤੋਂ ਪਿਛੋਂ ਹਾਕਮ ਕਾਂਗਰਸ (ਆਈ) ਅੰਦਰ ਕਾਫੀ ਹਿਲ-ਜੁਲ ਹੋ ਰਹੀ ਹੈ—ਅਤੇ ਦਬਵੀਂ ਆਵਾਜ਼ ਵਿਚ ਰਾਜੀਵ ਗਾਂਧੀ ਦੀ ਨੁਕਤਾਚੀਨੀ ਵੀ ਤਿੱਖੀ ਹੋਈ !

ਸੰਖੇਪ ਵਿਚ ਰਾਜੀਵ ਗਾਂਧੀ ਨੇ ਲੋਕ ਸਭਾ ਦੀਆਂ ਚੋਣਾਂ ਵਿਚ ਜਿਹੜੀ ਹੂੰਝਾ-ਫੇਰ ਜਿੱਤ ਪ੍ਰਾਪਤ ਕੀਤੀ ਸੀ ਉਸਦੇ ਹੁੰਦਿਆਂ ਹੋਇਆਂ ਸਿਆਸੀ ਦਰਸ਼ਕ ਇਹ ਅਨੁਮਾਨ ਲਾ ਰਹੇ ਹਨ ਕਿ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਤੱਕ ਕਾਂਗਰਸ ਆਈ ਲੋਕਾਂ ਨਾਲੋਂ ਹੋਰ ਵੀਬੁਰੀ ਤਰਾਂ ਨਿਖੜੇਗੀ ਅਤੇ ਕੇਂਦਰ ਵਿਚ ਆਪਣਾ ਰਾਜ ਕਾਇਮ ਨਹੀਂ ਰੱਖ ਸਕੇਗੀ ।

ਸੰਖੇਪ ਵਿਚ ਹਰਿਆਣਾ ਚੋਣਾਂ ਦੇ ਸਿੱਟੇ ਕੁਝ ਇਸ ਤਰਾਂ ਦਾ ਪ੍ਰਭਾਵ ਹੀ ਦਿੰਦੇ ਹਨ ।

ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਹਰਿਆਣੇ ਦੀਆਂ ਚੋਣਾਂ ਵਿਚ ਏਨੀ ਵੱਡੀ ਹਾਰ ਖਾਣ ਪਿਛੋਂ ਹਾਕਮ ਕਾਂਗਰਸ ਆਈ ਆਪਣੀਆਂ ਉਹਨਾਂ ਪਾਲਸੀਆਂ ਵਿਚ ਕੋਈ ਤਬਦੀਲੀ ਲਿਆਉਂਦੀ ਹੈ ਜਿਹਨਾਂ ਕਾਰਨ ਉਸਨੂੰ ਉਸਦੇ ਗੜਾਂ ਵਿਚ ਹੀ ਢਾਹ ਲੱਗਣੀ ਸ਼ੁਰੂ ਹੋ ਗਈ ਹੈ ?

ਇਸ ਦੇ ਨਾਲ ਹੀ ਹੁਣ ਲੋਕ ਇਸ ਬਾਰੇ ਵੀ ਕਿਆਫੇ ਲਾ ਰਹੇ ਹਨ ਕਿ ਪੰਜਾਬ ਸਮਝੌਤੇ ਦਾ ਹੁਣ ਕੀ ਬਣੇਗਾ ਜਿਸਦਾ ਰਾਜੀਵ ਗਾਂਧੀ ਨੇ ਹਰਿਆਣੇ ਵਿਚ ਵੋਟਾਂ ਖਿੱਚਣ ਲਈ ਭੁੱਗਾ ਬਾਲਿਆ ।

★ ਹਰਿਆਣਾ ਦੇ ਵੋਟਰਾਂ ਨੇ ਲੋਕ ਦਲ (ਬੀ) ਦੇ ਲੀਡਰ ਚੌਧਰੀਦੇਵੀ ਲਾਲ ਦੇ ਹੱਕ ਵਿਚ ਜਿਹੜਾ ਫੱਤਵਾ ਦਿਤਾ ਹੈ ਉਸ ਦਾ ਪ੍ਰਛਾਵਾਂ ਛੇਤੀ ਹੀ ਉਤਰ ਪ੍ਰਦੇਸ ਉਤੇ ਪੈਣ ਦੀ ਭਾਰੀ ਸੰਭਾਵਨਾ ਹੈ ।

ਸਿਆਸੀ ਹਲਕਿਆਂ ਵਿਚ ਇਸ

ਬਾਕੀ ਸਫਾ 10 ਉਤੇ

**Goyal Travels Inc.**

4152 FRASER ST., VANCOUVER B.C. V5V 4E8 (604) 877-7777



ਵੈਨਕੂਵਰ ਦਫਤਰ ਦਾ
ਨਵਾਂ ਫੋਨ ਨੰਬਰ
(604) 877-7777

*WE ARE PLEASED TO ANNOUNCE THE OPENING OF OUR THREE NEW OFFICES*

**Goyal Travel & Tours Canada Inc.**

| CALGARY ਕੈਲਗਰੀ | ਐਡਮਿੰਟਨ EDMONTON | ਟਰਾਂਟੋ - TORONTO |
|---|---|---|
| UNIT 1-5320-8th. AVE., S.E. CALGARY, ALBERTA, T2A 4L7 | 9344-34th. AVE., STRATHCONA SQUARE, EDMONTON, ALTA. T6E 5X8 | SUITE 211, 593 YONGE ST. TORONTO, ONT. M4Y 1Z4 |
| PH. (403) 235-6808 | PH. (403) 462-2424 | PH. (416) 960-3666 |

TOLL FREE IN B.C., ALBERTA, SASKATECHEWAN AND MANITOBA 1-800-663-8638

# ਕਾਂਗਰਸ ਆਈ ਦੀ ਜਥੇਬੰਦੀ ਤੇ ਵਕਾਰ

ਹਰਿਆਣਾ ਹਾਲੇ ਤੱਕ ਵੀ ਪ੍ਰੈਸ ਵਿਚ ਲਗਾਤਾਰ ਚਰਚਾ ਦਾ ਵਿਸ਼ਾ ਬਣਿਆਂ ਹੋਇਆ ਹੈ। ਪ੍ਰੈਸ ਦੇ ਵੱਖ ਵੱਖ ਹਲਕਿਆਂ ਵਲੋਂ ਕਾਂਗਰਸ ਆਈ ਦੀ ਹੂੰਝਾ ਫੇਰ ਹਾਰ ਦੇ ਕਾਰਨ ਲੱਭੇ ਜਾ ਰਹੇ ਹਨ। ਇਹ ਹਾਰ 1977 ਨਾਲੋਂ ਵੀ ਵੱਡੀ ਹੈ।

ਹਰਿਆਣੇ ਵਿਚ ਕਾਂਗਰਸ ਆਈ ਦੀ ਵੱਡੀ ਹਾਰ ਤੋਂ ਪਿਛੋਂ ਅਪੋਜ਼ੀਸ਼ਨ ਪਾਰਟੀਆਂ ਦੇ ਆਗੂਆਂ ਵਲੋਂ ਪਰਧਾਨ ਮੰਤਰੀ ਰਾਜੀਵ ਗਾਂਧੀ ਬਾਰੇ ਬਹੁਤ ਕੁਝ ਕਿਹਾ ਗਿਆ ਹੈ ਜਿਹੜੇ ਕਿ ਕਾਂਗਰਸ ਆਈ ਦੇ ਪਰਧਾਨ ਵੀ ਹਨ। ਏਸੇ ਤਰਾਂ ਹੀ ਅੰਦਰ ਖਾਤੇ ਕਾਂਗਰਸ ਆਈ ਦੇ ਹਲਕਿਆਂ ਅੰਦਰ ਵੀ ਕਈ ਤਰਾਂ ਦੀ ਫੁੱਸ ਫੁੱਸ ਹੋ ਰਹੀ ਹੈ।

ਹਰਿਆਣੇ ਵਿਚ ਕਾਂਗਰਸ ਆਈ ਦੀ ਇਸ ਤਰਾਂ ਦੀ ਵੱਡੀ ਹਾਰ ਲਈ ਸਮੁੱਚੀ ਕਾਂਗਰਸ ਆਈ ਵਰਕਿੰਗ ਕਮੇਟੀ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਕਿਉਂ ਕੁ ਇਸ ਸਮੇਂ ਜਿਹੜੀ ਲਾਈਨ ਚਲ ਰਹੀ ਹੈ ਉਹ ਰਾਜੀਵ ਗਾਂਧੀ ਤੇ ਉਸ ਦੇ ਦਵਾਲੇ ਜਮਾਂ ਹੋਈ ਜੁੰਡੀ ਦੀ ਹੈ।

ਹਰਿਆਣੇ ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਬਾਰੇ ਜਿਹੜੇ ਵੀ ਫੈਸਲੇ ਲਏ ਉਹ ਇਸ ਜੁੰਡੀ ਨੇ ਹੀ ਲਏ। ਇਸ ਤੋਂ ਬਿਨਾਂ ਚੋਣਾਂ ਦੇ ਸਬੰਧ ਵਿਚ ਉਮੀਦਵਾਰਾਂ ਦੀ ਚੋਣ ਵੀ ਏਸੇ ਨੇ ਹੀ ਕੀਤੀ ਅਤੇ ਚੋਣ ਯੁੱਧਨੀਤੀ ਵੀ ਏਸੇ ਨੇ ਹੀ ਉਲੀਕੀ।

ਜੁੰਡੀ ਦਾ ਅਨੁਮਾਨ ਇਹ ਸੀ ਕਿ ਅੱਵਲ ਤਾਂ ਹਰਿਆਣੇ ਵਿਚ ਕਾਂਗਰਸ ਆਈ ਦੀ ਫਤਹਿ ਹੋ ਜਾਵੇਗਾ ਅਤੇ ਜੇ ਨਾ ਹੋਈ ਤਾਂ ਬਹੁਤਾ ਫਰਕ ਨਹੀਂ ਹੋਵੇਗਾ। ਪਰ ਇਹ ਸਾਰੀਆਂ ਹੀ ਗਿਣਤੀਆਂ ਮਿਣਤੀਆਂ ਗਲਤ ਸਿੱਧ ਹੋਈਆਂ।

ਹਰਿਆਣੇ ਦੀਆਂ ਚੋਣਾਂ ਤੋਂ ਪਹਿਲਾਂ ਪਛਮੀ ਬੰਗਾਲ ਕੇਰਲਾ ਅਤੇ ਜੰਮੂ-ਕਸ਼ਮੀਰ ਵਿਚ ਚੋਣਾਂ ਹੋਈਆਂ ਸਨ। ਭਾਵੇਂ ਇਸ ਵਾਰ ਪੱਛਮੀ ਬੰਗਾਲ ਵਿਚ ਕਾਂਗਰਸ ਆਈ ਨੂੰ ਚੰਗੀ ਮਾਰ ਪਈ ਅਤੇ ਕੇਰਲਾ ਵਿਚ ਉਸ ਤੋਂ ਹਕੂਮਤ ਖੁੱਸ ਗਈ ਪਰ ਕਾਂਗਰਸ ਆਈ ਦੀ ਲੀਡਰਸ਼ਿਪ ਦੀ ਹੇਠੋਂ ਇਸ ਕਰਕੇ ਬਹੁਤੀ ਨੁਕਤਾਚੀਨੀ ਨਾ ਹੋਈ ਕਿਉਂ ਜੋ ਦੋਵੇਂ ਰਾਜ ਹੀ ਕਮਿਊਨਿਸਟਾਂ ਦੇ ਗੜ੍ਹ ਸਨ ਅਤੇ ਇਸ ਨੰਗੀ ਚਿੱਟੀ ਹਕੀਕਤ ਨੂੰ ਸਾਰੇ ਹੀ ਜਾਣਦੇ ਸਨ। ਪਰ ਹਰਿਆਣਾ ਵਿਚ ਕਾਂਗਰਸ ਆਈ ਦੀ ਹੂੰਝਾ ਫੇਰ ਹਾਰ ਨੇ ਇਹ ਦਰਸਾ ਦਿੱਤਾ ਹੈ ਕਿ ਕਾਂਗਰਸ ਆਈ ਦੀ ਹਾਲਤ ਬਹੁਤ ਹੀ ਪਤਲੀ ਹੋ ਚੁੱਕੀ ਹੈ ਅਤੇ ਜੇ ਏਸੇ ਹੀ ਰਾਹ ਤੇ ਇਹ ਚਲਦੀ ਗਈ ਤਾਂ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਬੁਰੀ ਤਰਾਂ ਮਾਰ ਖਾਵੇਗੀ। ਅਥਵਾ ਕਾਂਗਰਸ ਆਈ ਦਾ ਰਾਜ ਖਤਮ ਹੋ ਜਾਵੇਗਾ।

ਇਸ ਪਿਛੋਕੜ ਵਿਚ ਇਹ ਗੱਲ ਲਾਜ਼ਮੀ ਹੀ ਸੀ ਕਿ ਦੇਸ਼ ਉੱਤੇ ਲੰਮਾਂ ਸਮਾਂ ਹਕੂਮਤ ਕਰਦੀ ਆ ਰਹੀ ਪਾਰਟੀ ਹਰਿਆਣਾ ਵਿਚ ਹੋਈ ਆਪਣੀ ਹੂੰਝਾ ਫੇਰ ਹਾਰ ਦਾ ਵਿਸ਼ਲੇਸ਼ਨ ਕਰਦੀ ਅਤੇ ਅਗੋਂ ਤੋਂ ਕੁਝ ਨਵਾਂ ਪ੍ਰੋਗਰਾਮ ਉਲੀਕਦੀ।

22 ਜੂਨ ਨੂੰ ਨਵੀਂ ਦਿੱਲੀ ਵਿਚ ਕੁਲ ਹਿੰਦ ਕਾਂਗਰਸ ਆਈ ਵਰਕਿੰਗ ਕਮੇਟੀ ਦੀ ਲੰਮਾਂ ਸਮਾਂ ਚਲੀ ਵਰਕਿੰਗ ਕਮੇਟੀ ਦੀ ਮੀਟਿੰਗ ਨੇ ਜਿਥੇ ਹਰਿਆਣੇ ਦੀਆਂ ਚੋਣਾਂ ਵਿਚ ਕਾਂਗਰਸ ਆਈ ਦੀ ਹਾਰ ਦੇ ਕਾਰਨਾ ਦਾ ਪਤਾ ਲਾਉਣ ਲਈ ਇਕ ਕਮੇਟੀ ਸਥਾਪਤ ਕੀਤੀ ਉਥੇ ਕਾਂਗਰਸ ਆਈ ਦੀ ਜਥੇਬੰਦੀ ਨੂੰ ਖੜੀ ਕਰਨ ਸਬੰਧੀ ਵੀ ਕੁਝ ਫੈਸਲੇ ਲਏ ਜਿੰਨਾ ਵਿਚ ਅਗਲੇ ਸਾਲ ਜਨਵਰੀ ਵਿਚ ਜਥੇਬੰਦਕ ਚੋਣਾਂ ਕਰਾਉਣਾ ਵੀ ਸ਼ਾਮਲ ਹੈ।

ਮੀਟਿੰਗ ਵਿਚ ਸਮਾਜੀ-ਆਰਥਕ ਪਾਲਸੀਆਂ ਦਾ ਰੀਵੀਊ ਕਰਨ ਅਤੇ ਵੱਖ ਵੱਖ ਪਰੋਗਰਾਮਾਂ ਨੂੰ ਲਾਗੂ ਕਰਨ ਦਾ ਜਾਇਜ਼ਾ ਲੈਣ ਲਈ ਇਕ ਹੋਰ ਕਮੇਟੀ ਬਨਾਉਣ ਦਾ ਅਧਿਕਾਰ ਵੀ ਪਰਧਾਨ ਮੰਤਰੀ ਨੂੰ ਦਿੱਤਾ।

ਵਰਕਿੰਗ ਕਮੇਟੀ ਨੇ ਇਹ ਵੀ ਤਜਵੀਜ਼ ਕੀਤਾ ਕਿ ਗਰੀਬਾਂ ਤੇ ਬੇਜ਼ਮੀਨੇ ਲੋਕਾਂ ਨੂੰ ਵਧੇਰੇ ਲਾਭ ਦੇਣ ਲਈ ਵੀ ਕੁਝ ਕਦਮ ਚੁਕੇ ਜਾਣ।

ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਦੇਸ਼ ਅੰਦਰ ਫਿਰਕੂ ਦੰਗਿਆਂ ਦੀ ਵਧ ਰਹੀ ਗਿਣਤੀ ਤੇ ਇਹਨਾਂ ਵਿਚ ਵੱਡੀ ਗਿਣਤੀ ਵਿਚ ਹੋ ਰਹੀਆਂ ਮੌਤਾਂ ਬਾਰੇ ਵੀ ਵਿਚਾਰ ਹੋਈ। ਇਸ ਸਬੰਧ ਵਿਚ ਵੀ ਪ੍ਰਧਾਨ ਮੰਤਰੀ ਨੂੰ ਇਸ ਗਲ ਦੇ ਅਧਿਕਾਰ ਦਿਤੇ ਗਏ ਕਿ ਉਹ ਫਿਰਕਾਪ੍ਰਸਤੀ ਦੇ ਖਤਰੇ ਵਿਰੁੱਧ ਲੰਮੇਂ ਸਮੇਂ ਤੇ ਥੋੜੇ ਸਮੇਂ ਦੇ ਕਦਮ ਚੁਕਣ ਬਾਰੇ ਇਕ ਕਮੇਟੀ ਬਣਾਉਣ।

ਵਰਕਿੰਗ ਕਮੇਟੀ ਵਲੋਂ ਸਾਰੀਆਂ ਦੇਸ਼ ਭਗਤ, ਸੈਕੂਲਰ ਅਤੇ ਅੱਗੇ-ਵਧੂ ਸ਼ਕਤੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਦੇਸ਼ ਦੇ ਸਿਆਸੀ ਢਾਂਚੇ ਵਿਚੋਂ ਫਿਰਕਾਪ੍ਰਸਤੀ ਨੂੰ ਹੂੰਝਣ ਲਈ ਸਹਾਈ ਹੋਣ।

ਸਭ ਤੋਂ ਪਹਿਲਾਂ ਅਸੀਂ ਕਾਂਗਰਸ ਆਈ ਦੀ ਜਥੇਬੰਦਕ ਚੋਣਾਂ ਨਹੀਂ ਹੋਈਆਂ ਅਤੇ ਇਹ ਪਾਰਟੀ ਨਾਮਜ਼ਦਗੀਆਂ ਦੇ ਹਿਸਾਬ ਨਾਲ ਹੀ ਚਲਦੀ ਆ ਰਹੀ ਹੈ। ਅਥਵਾ ਇਸ ਸਮੇਂ ਜਾਂ ਇਸ ਤੋਂ ਪਹਿਲਾਂ ਕਾਂਗਰਸ ਆਈ ਵਰਕਿੰਗ ਕਮੇਟੀ ਦੇ ਮੈਂਬਰ ਜਾਂ ਰਾਜਾਂ ਦੇ ਪ੍ਰਧਾਨ ਤੇ ਜਨਰਲ ਸੈਕਟਰੀ ਕਾਂਗਰਸ ਆਈ ਪ੍ਰਧਾਨ ਤੇ ਉਸ ਦੀ ਜੁੰਡੀ ਦੇ ਹਥ-ਠੋਕੇ ਹੀ ਰਹੇ ਹਨ। ਇਸ ਸਮੇਂ ਵੀ ਇਹੋ ਅਵਸਥਾ ਹੈ।

ਜਥੇਬੰਦਕ ਚੋਣਾਂ ਕਰਾਉਣ ਦੇ ਕਈ ਵਾਰ ਐਲਾਨ ਹੋਏ ਪਰ ਇਹ ਕਿਸੇ ਨਾ ਕਿਸੇ ਬਹਾਨੇ ਫੇਰ ਅੱਗੇ ਪੈਂਦੀਆਂ ਰਹੀਆਂ। ਹਰ ਕੋਈ ਅੰਦਾਜ਼ਾ ਲਾ ਸਕਦਾ ਹੈ ਕਿ ਜਿਸ ਪਾਰਟੀ ਦੇ ਅੰਦਰ ਹੀ ਜਮਹੂਰੀਅਤ ਨਹੀਂ ਉਹ ਜਮਹੂਰੀਅਤ ਲਈ ਕਿਵੇਂ ਖਲੋ ਸਕਦੀ ਹੈ?

ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਰਾਜ ਸਮੇਂ ਵੀ ਸਾਰੇ ਫੈਸਲੇ ਕੇਂਦਰ ਵਿਚ ਬੈਠੀ ਜੁੰਡੀ ਵਲੋਂ ਹੁੰਦੇ ਸਨ ਤੇ ਹੁਣ ਉਹਨਾਂ ਦਾ ਪੁਤਰ ਵੀ ਪੁਰਾਣੀਆਂ ਪਰੰਪਰਾਵਾਂ ਨੂੰ ਹੀ ਅੱਗੇ ਲੈਜਾ ਰਿਹਾ ਹੈ। ਜੇ ਮਰਹੂਮ ਪ੍ਰਧਾਨ ਮੰਤਰੀ ਹਰ ਹਾਲਤ ਵਿਚ ਆਪਣਾ ਰਾਜ ਕਾਇਮ ਰੱਖਣ ਲਈ ਤਾਨਾਸ਼ਾਹੀ ਰਾਹ ਵਲ ਤੁਰ

ਸਫਾ 9 ਦੀ ਬਾਕੀ

ਕਿਸਮ ਦੀਆਂ ਖਬਰਾਂ ਪਹਿਲਾਂ ਹੀ ਗਸ਼ਤ ਕਰ ਰਹੀਆਂ ਹਨ ਕਿ ਲੋਕ ਦਲ (ਅ) ਦੇ ਕੁਝ ਅਸੰਬਲੀ ਮੈਂਬਰ ਛੇਤੀ ਹੀ ਲੋਕ ਦਲ (ਬੀ) ਵਿਚ ਚਲੇ ਜਾਣਗੇ ਅਤੇ ਇਸ ਤਰਾਂ ਇਹ ਗਰੁੱਪ ਅਸੰਬਲੀ ਵਿਚ ਬਹੁਤ ਵੱਡਾ ਗਰੁੱਪ ਬਣ ਜਾਵੇਗਾ।

★ ਹਰਿਆਣਾ ਦੇ ਚੋਣ ਨਤੀਜੇ ਨੇੜ ਭਵਿੱਖ ਵਿਚ ਕਾਂਗਰਸ (ਆਈ) ਪਾਰਲੀਮਾਨੀ ਪਾਰਟੀ ਉਤੇ ਵੀ ਕੋਈ ਅਸਰ ਪਾਉਣਗੇ ਜਾਂ ਨਹੀਂ ਇਹ ਗਲ ਅਗਲੇ ਮਹੀਨੇ ਰਾਸ਼ਟਰਪਤੀ ਦੀ ਹੋ ਰਹੀ ਚੋਣ ਸਮੇਂ ਸਾਹਮਣੇ ਆ ਜਾਵੇਗੀ ਜਿਸ ਸਬੰਧ ਵਿਚ ਕਿ ਅਪੋਜ਼ੀਸ਼ਨ ਵਲੋਂ ਵੀ ਕੋਈ ਸਾਂਝਾ ਉਮੀਦਵਾਰ ਖੜਾ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਅੰਤ ਵਿਚ ਇਹ ਕਹੇ ਬਿਨਾਂ ਨਹੀਂ ਰਿਹਾ ਜਾ ਸਕਦਾ ਕਿ ਰਾਜੀਵ ਗਾਂਧੀ ਦੇ ਗੱਦੀ ਸਾਂਭਣ ਪਿਛੋਂ ਚੋਣਾਂ ਦੇ ਸਿੱਟਿਆਂ ਨੇ ਇਸੇ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਹਨਾਂ ਦਾ, ਉਹਨਾਂ ਦੀ ਪਾਰਟੀ ਦਾ ਵਕਾਰ ਲੋਕਾਂ ਵਿਚ ਤੇਜ਼ੀ ਨਾਲ ਡਿੱਗ ਰਿਹਾ ਹੈ ਅਤੇ ਜਿਸ ਖੇਤਰ ਉਤੇ ਉਹਨਾਂ ਨੂੰ ਵੱਡੀਆਂ ਆਸਾਂ ਸਨ ਉਸ ਨੂੰ ਢਾਹ ਲੱਗਣ ਦਾ ਅਮਲ ਸ਼ੁਰੂ ਹੋਣ ਨਾਲ ਦਿੱਲੀ ਦਾ ਤੱਖਤ ਹਿੱਲ ਗਿਆ ਜਾਪਦਾ ਹੈ।

ਪਈ ਸੀ ਤਾਂ ਰਾਜੀਵ ਗਾਂਧੀ ਤੇ ਉਸਦੀ ਜੁੰਡੀ ਵਲੋਂ ਇਸ ਰਾਹ ਉਤੇ ਤੁਰਨ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

ਜਿਥੋਂ ਤਕ ਰਾਜੀਵ ਗਾਂਧੀ ਦੀ ਅਗਵਾਈ ਹੇਠ ਧਾਰਨ ਕੀਤੀਆਂ ਸਮਾਜੀ-ਆਰਥਕ ਪਾਲਸੀਆਂ ਦਾ ਸਬੰਧ ਹੈ ਇਹ ਬੁਨਿਆਦੀ ਰੂਪ ਵਿਚ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਾਲੀਆਂ ਤਾਂ ਹਨ ਹੀ ਸਗੋਂ ਨਵਾਂ ਵਾਧਾ ਇਹ ਹੈ ਕਿ ਦੇਸ਼ੀ ਤੇ ਬਦੇਸ਼ੀ ਅਜਾਰੇਦਾਰਾਂ ਨੂੰ ਲੁੱਟਾਂ ਕਰਨ ਦੀਆਂ ਨਵੀਆਂ ਖੁਲ੍ਹਾਂ ਦਿਤੀਆਂ ਗਈਆਂ ਹਨ। ਸਿਧੇ ਟੈਕਸਾਂ ਦੀ ਮਾਤਰਾ ਘੱਟ ਰਹੀ ਹੈ ਜਦ ਕਿ ਅਸਿਧੇ ਟੈਕਸਾਂ ਦੀ ਵਧ ਰਹੀ ਹੈ ਜਿਸ ਕਾਰਨਕੀਮਤਾਂ ਚੜ੍ਹ ਰਹੀਆਂ ਹਨ ਅਤੇ ਆਮ ਆਦਮੀ ਦਾ ਕਚੂਮਰ ਨਿਕਲਦਾ ਜਾ ਰਿਹਾ ਹੈ। ਬਦੇਸ਼ੀ ਤੇ ਦੇਸੀ ਪੂੰਜੀ ਲਾਗਤ ਦੀ ਸੁਰਖਿਆ ਖਾਤਰ ਆਰਥਕ ਸੰਕਟ ਦਾ ਭਾਰ ਆਮ ਲੋਕਾਂ ਉਤੇ ਸੁਟਣ ਦੀ ਪਾਲਸੀ ਨੂੰ ਜਾਰੀ ਰਖਿਆ ਜਾ ਰਿਹਾ ਹੈ। ਇਸ ਤੋਂ ਬਿਨਾ ਰਾਜੀਵ ਗਾਂਧੀ ਵਲੋਂ ਜਿਹੜੀਆਂ 'ਪਾਲਸੀਆਂ ਕੌਮੀ ਖੇਤਰ ਵਿਚ ਜਾਰੀ ਰਖੀਆਂ ਜਾ ਰਹੀਆਂ ਹਨ ਉਹਨਾਂ ਕਾਰਨ ਜਿਥੇ ਕਈ ਤਰਾਂ ਦੇ ਸੰਕਟ ਪੈਦਾ ਹੋ ਰਹੇ ਹਨ ਉਥੇ ਬੇਰੁਜ਼ਗਾਰੀ ਤੇਜ਼ੀ ਨਾਲ ਵਧ ਰਹੀ ਹੈ।

ਸਮੁੱਚੇ ਤੌਰ ਤੇ ਰਾਜੀਵ ਗਾਂਧੀ ਦੀ ਸਰਕਾਰ ਵਲੋਂ ਧਾਰਨ ਕੀਤੀਆਂ ਪਾਲਸੀਆਂ ਕਾਰਨ ਜਨਤਕ ਬੇ-ਚੈਨੀ ਬਹੁਤ ਹੀ ਤੇਜ਼ੀ ਨਾਲ ਵਧ ਰਹੀ ਹੈ। ਇਸਦਾ ਪ੍ਰਗਟਾਵਾ ਹੁਣ ਹਰਿਆਣਾ ਵਿਚ ਵੀ ਸਪਸ਼ਟ ਸਾਹਮਣੇ ਆ ਗਿਆ ਹੈ।

ਕਾਂਗਰਸ ਆਈ ਵਰਕਿੰਗ ਕਮੇਟੀ ਨੇ ਗਰੀਬਾਂ ਅਤੇ ਬੇਜ਼ਮੀਨੇ ਲੋਕਾਂ ਨੂੰ ਰਾਹਤ ਦੇਣ ਲਈ ਵੀ ਕੁਝ ਨਵੇਂ ਕਦਮ ਚੁਕਣ ਦਾ ਫੈਸਲਾ ਕੀਤਾ ਹੈ। ਇਹ ਕਦਮ ਕੀ ਹੋਣਗੇ ਇਹ ਗੱਲ ਤਾਂ ਸਾਹਮਣੇ ਆ ਹੀ ਜਾਏਗਾ ਪਰ ਜੇ ਪਿਛਲੇ ਇਤਿਹਾਸ 'ਤੇ ਝਾਤ ਮਾਰੀ ਜਾਵੇ ਤਾਂ ਇਹ ਅੰਦਾਜ਼ਾ ਲਾਉਣਾ ਕੋਈ ਮੁਸ਼ਕਲ ਨਹੀਂ ਕਿ ਇਹ ਕਦਮ ਕੀ ਹੋਣਗੇ ਅਤੇ ਇਹਨਾਂ ਦਾ ਕੁਲ ਗਰੀਬ ਵਸੋਂ ਦੇ ਕਿੰਨੇ ਕੁ ਫੀਸਦੀ ਨੂੰ ਲਾਭ ਮਿਲੇਗਾ?

ਪੇਂਡੂ ਖੇਤਰਾਂ ਦੇ ਗਰੀਬਾਂ ਨੂੰ ਕੁਝ ਕੁ ਰਾਹਤ ਦੇਣ ਲਈ ਜਿਹੜਾ ਵੀਹ-ਨੁਕਾਤੀ ਪ੍ਰੋਗਰਾਮ ਪਹਿਲਾਂ ਚਲ ਰਿਹਾ ਹੈ ਉਸ ਤਹਿਤ ਜਿਹੜੀਆਂ ਸਕੀਮਾਂ ਚਲਦੀਆਂ ਹਨ ਉਹਨਾਂ ਦੇ ਲਾਗੂ ਕਰਨ ਵਿਚ ਅੱਧੀ ਰਕਮ ਤਾਂ ਨੌਕਰਸ਼ਾਹੀ ਦੇ ਪੇਟੇ ਪੈ ਜਾਂਦੀ ਹੈ ਅਤੇ ਬਾਕੀ ਅੱਧੀ ਸਰਕਾਰ ਦੇ ਹੱਥ-ਠੋਕੇ ਹੜੱਪ ਜਾਂਦੇ ਹਨ। ਅਥਵਾ ਇਹ ਪ੍ਰੋਗਰਾਮ ਗਰੀਬਾਂ ਦੇ ਇਕ ਨਿਗੂਣੇ ਜੇਹੇ ਭਾਗ ਨੂੰ ਹੀ ਕੁਝ ਕੁ ਸਾਹ ਦਵਾਉਂਦੇ ਹਨ।

ਪੇਂਡੂ ਖੇਤਰਾਂ ਦੇ ਗਰੀਬਾਂ ਨੂੰ ਕੁਝ ਕੁ ਰਾਹਤ ਦੇਣ ਲਈ ਜਿਹੜਾ ਵੀਹ-ਨੁਕਾਤੀ ਪ੍ਰੋਗਰਾਮ ਪਹਿਲਾਂ ਚਲ ਰਿਹਾ ਹੈ ਉਸ ਤਹਿਤ ਜਿਹੜੀਆਂ ਸਕੀਮਾਂ ਚਲਦੀਆਂ ਹਨ ਉਹਨਾਂ ਦੇ ਲਾਗੂ ਕਰਨ ਵਿਚ ਅੱਧੀ ਰਕਮ ਤਾਂ ਨੌਕਰਸ਼ਾਹੀ ਦੇ ਪੇਟੇ ਪੈ ਜਾਂਦੀ ਹੈ ਅਤੇ ਬਾਕੀ ਅੱਧੀ ਸਰਕਾਰ ਦੇ ਹਥਠੋਕੇ ਹੜਪ ਜਾਂਦੇ ਹਨ। ਅਥਵਾ ਇਹ ਪ੍ਰੋਗਰਾਮ ਗ਼ਰੀਬਾਂ ਦੇ ਇਕ ਨਿਗੂਣੇ ਜੇਹੇ ਭਾਗ ਨੂੰ ਹੀ ਕੁਝ ਕੁਝ ਕੁ ਸਾਹ ਦਵਾਉਂਦੇ ਹਨ।

ਪੇਂਡੂ ਖੇਤਰਾਂ ਵਿਚ ਵੱਡੀ ਪੱਧਰ ਉੱਤੇ ਫੈਲੀ ਗਰੀਬੀ ਨੂੰ ਤਾਂ ਹੀ ਕੁਝ ਹੱਦ ਤਕ ਦੂਰ ਕੀਤਾ ਜਾ ਸਕਦਾ ਹੈ, ਪੇਂਡੂ ਗਰੀਬ ਦਾ ਜੀਵਨ ਪੱਧਰ ਤਾਂ ਹੀ ਉੱਚਾ ਚੁਕਿਆ ਜਾ ਸਕਦਾ ਹੈ ਜੇ ਹਕੀਕੀ ਜ਼ਮੀਨੀ ਸੁਧਾਰ ਕੀਤੇ ਜਾਣ ਅਤੇ ਇਸ ਤਰਾਂ ਵਾਧੂ ਨਿਕਲੀ ਜ਼ਮੀਨ ਬੇਜ਼ਮੀਨੇ ਤੇ ਗਰੀਬ ਲੋਕਾਂ ਵਿਚ ਵੰਡੀ ਜਾਵੇ। ਪਰ ਕਾਂਗਰਸ ਆਈ ਦੇ ਜ਼ਮੀਨੀ ਸੁਧਾਰ ਵਧੇਰੇ ਕਰਕੇ ਕਾਗਜ਼ਾਂ ਦਾ ਸ਼ਿੰਗਾਰ ਹੀ ਰਹੇ ਹਨ ਅਤੇ ਇਹਨਾਂ ਕਾਰਨ ਐਵੇਂ ਨਾਮਾਤਰ ਜ਼ਮੀਨ ਹੀ ਵੰਡਣ ਲਈ ਸਾਹਮਣੇ ਆਈ ਹੈ।

ਕਾਂਗਰਸ ਆਈ ਵਰਕਿੰਗ ਕਮੇਟੀ ਨੇ ਦੇਸ ਵਿਚ ਵਧ ਰਹੀ ਫਿਰਕੂ ਗੜਬੜ ਦਾ ਜ਼ਿਕਰ ਕੀਤਾ ਹੈ ਤੇ ਇਸ ਸਬੰਧ ਵਿਚ ਦੇਸ ਭਗਤ ਤੇ ਸੈਕੂਲਰ ਤਾਕਤਾਂ ਨੂੰ ਇਸ ਖਤਰੇ ਵਿਰੁਧ ਲੜਾਈ ਦੇਣ ਵਿਚ ਮਦਦ ਕਰਨ ਦਾ ਹੋਕਾ ਦਿੱਤਾ ਹੈ। ਜਿਥੋਂ ਤਕ ਖੱਬੀਆਂ ਤੇ ਸੈਕੂਲਰ ਸ਼ਕਤੀਆਂ ਦਾ ਸਬੰਧ ਹੈ ਉਹ ਤਾਂ ਖੁਦ ਵੀ ਫਿਰਕੂ-ਵੰਡਵਾਦੀ ਸ਼ਕਤੀਆਂ ਵਿਰੁੱਧ ਲੜਾਈ ਦੇ ਰਹੀਆਂ ਹਨ ਤੇ ਇਸ ਸਬੰਧ ਵਿਚ ਹਾਕਮ ਕਾਂਗਰਸ ਆਈ ਨੂੰ ਮਿਲਵਰਤੋਂ ਵੀ ਦੇ ਰਹੀਆਂ ਹਨ ਪਰ ਦੁਖਦਾਇਕ ਗੱਲ ਇਹ ਹੈ ਕਿ ਕਾਂਗਰਸ ਆਈ ਤੰਗ-ਸਿਆਸੀ ਹਿੱਤਾਂ ਖਾਤਰ ਫਿਰਕੂ ਸ਼ਕਤੀਆਂ ਨਾਲ ਅੱਖ-ਮਟੱਕਾ ਰਖਦੀ ਚਲੀ ਆ ਰਹੀ ਹੈ।

ਤਜਰਬਾ ਇਸ ਗਲ ਦੀ ਵੀ ਪੁਸ਼ਟੀ ਕਰਦਾ ਹੈ ਕਿ ਹਾਕਮ ਕਾਂਗਰਸ ਆਈ ਵੱਖਵਾਦੀ ਸ਼ਕਤੀਆਂ ਅਤੇ ਅੱਤਵਾਦੀ ਤੱਤਾਂ ਵਿਰੁਧ ਲੜਾਈ ਦੇਣ ਪ੍ਰਤੀ ਵੀ ਗੰਭੀਰ ਨਹੀਂ। ਇਸ ਵਲੋਂ ਇਹ ਇਹ ਗਲ ਤਾਂ ਪ੍ਰਵਾਨ ਕੀਤੀ ਜਾ ਰਹੀ ਹੈ ਕਿ ਦੇਸ਼ ਅੰਦਰ ਚਲ ਰਹੀਆਂ ਅੱਤਵਾਦੀ-ਵੱਖਵਾਦੀ ਲਹਿਰਾਂ ਨੂੰ ਬਦੇਸ਼ੀ ਸ਼ਹਿ ਅਤੇ ਮਦਦ ਪ੍ਰਾਪਤ ਹੈ ਅਤੇ ਇਹਨਾਂ ਲਹਿਰਾਂ ਕਾਰਨ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰੇ ਵਧੇ ਹਨ। ਪਰ ਇਹਨਾਂ ਵਿਰੁੱਧ ਲੜਾਈ ਦੇਣ ਦੇ ਸਬੰਧ ਵਿਚ ਹਾਕਮ ਕਾਂਗਰਸ ਆਈ ਦੀਪਾਲਸੀ ਇਕਸਾਰ ਨਹੀਂ।

ਕੀ ਇਹ ਹਕੀਕਤ ਨਹੀਂ ਕਿ ਹਾਕਮ ਕਾਂਗਰਸ ਆਈ ਨਾ ਕੇਵਲ ਇਹਨਾਂ ਅੱਤਵਾਦੀ-ਵੱਖਵਾਦੀ ਲਹਿਰਾਂ ਦਾ ਆਧਾਰ ਖਤਮ ਕਰਨ ਲਈ ਹੀ ਠੋਸ ਕਦਮ ਨਹੀਂ ਚੁਕ ਰਹੀ ਸਗੋਂ ਤਰੀਪੁਰਾ ਅਤੇ ਪਛਮੀ ਬੰਗਾਲ ਦੇ ਦਾਰਜੀਲਿੰਗ ਖੇਤਰ ਵਿਚ ਚਲ ਰਹੀ ਅੱਤਵਾਦੀ-ਵੱਖਵਾਦੀ ਲਹਿਰ ਨਾਲ ਅੱਖ ਮਟਕਾ ਵੀ ਰਖ ਰਹੀ ਹੈ। ਇਹ ਸਾਰਾ ਕੁਝ ਤੰਗ ਸਿਆਸੀ ਹਿਤਾਂ ਦੀ ਪੂਰਤੀ ਲਈ ਕੀਤਾ ਜਾ ਰਿਹਾ ਹੈ।

ਨੋਟ ਕਰਨ ਵਾਲੀ ਗੱਲ ਇਹ ਹੈ ਕਿ ਕਾਂਗਰਸ ਆਈ ਵਰਕਿੰਗ ਕਮੇਟੀ ਦੀ ਮੀਟਿੰਗ ਦੇ ਸਬੰਧ ਵਿਚ ਜਿਹੜੀਆਂ ਰੀਪੋਰਟਾਂ ਪ੍ਰੈਸ ਵਿਚ ਛਪੀਆਂ ਹਨ ਉਹਨਾਂ ਵਿਚ ਦੇਸ ਦੀ ਏਕਤਾ ਅਤੇ ਅਖੰਡਤਾ ਨੂੰ ਵਧੇ ਖਤਰਿਆਂ ਸਬੰਧੀ ਕਿਸੇ ਕਿਸਮ ਦੀ ਕੋਈ ਚਿੰਤਾ ਨਹੀਂ ਪ੍ਰਗਟਾਈ ਗਈ—ਅਤੇ ਨਾ ਹੀ ਪੰਜਾਬ ਮਸਲੇ ਦੇ ਹੱਲ ਸਬੰਧੀ ਕੋਈ ਕਦਮ ਚੁਕਣ ਲਈ ਸਰਕਾਰ ਨੂੰ ਕਿਹਾ ਗਿਆ ਹੈ।

ਕਾਂਗਰਸ ਆਈ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਦੇਸ ਦੀ ਏਕਤਾ ਅਤੇ ਅਖੰਡਤਾ ਨੂੰ ਵਧ ਰਹੇ ਖਤਰਿਆਂ ਦੀ ਵੀ ਕੋਈ ਗੱਲ ਨਹੀਂ ਕਹੀ ਗਈ।

ਸੰਖੇਪ ਵਿਚ ਕਾਂਗਰਸ ਆਈ ਵਰਕਿੰਗ ਕਮੇਟੀ ਮੀਟਿੰਗ ਦੇ ਫੈਸਲਿਆਂ ਵਿਚ ਕੋਈ ਵੀ ਨਵੀਂ ਗੱਲ ਨਹੀਂ। ਜੇ ਏਸੇ ਹੀ ਸੇਧੇ ਅੱਗੇ ਵਧਿਆ ਗਿਆ ਤਾਂ ਨਾ ਹੀ ਉਹ ਖਤਰਨਾਕ ਰੁਝਾਨ ਰੁੱਕ ਸਕਣਗੇ ਜਿਹੜੇ ਕਿ ਉਭਰੇ ਹਨ ਤੇ ਨਾ ਹੀ ਕਾਂਗਰਸ ਆਈ ਆਪਣਾ ਪਤਨ ਰੋਕ ਸਕੇਗੀ।

ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਦੀ ਅਤੇ ਫਿਰਕੂ ਏਕਤਾ ਦੀ ਰਾਖੀ ਦੀ ਜ਼ੁੰਮੇਂਵਾਰੀ ਕੇਵਲ ਹਾਕਮ ਕਾਂਗ੍ਰਸ ਆਈ ਉੱਤੇ ਹੀ ਨਹੀਂ ਸੁੱਟੀ ਜਾ ਸਕਦੀ ਸਗੋਂ ਇਸ ਸਬੰਧ ਵਿਚ ਦੇਸ਼ ਦੀਆਂ ਖੱਬੀਆਂ ਜਮਹੂਰੀ ਅਤੇ ਦੇਸ਼ਭਗਤ ਸ਼ਕਤੀਆਂ ਨੂੰਡੱਟਕੇ ਮੈਦਾਨ ਵਿਚ ਕੁਦਣਾਂ ਚਾਹੀਦਾ ਹੈ ਅਤੇ ਹਰ ਤਰਾਂ ਦੀ ਕੁਰਬਾਨੀ ਦੇਣ ਤੋਂ ਵੀ ਪਿੱਛੇ ਨਹੀਂ ਹਟਣਾ ਚਾਹੀਦਾ। ●

**Star Drywall**
**Construction Co. Ltd.**

- Complete Drywall Service
- Guaranteed Work
- Free Estimates

**Sahib or Nake**
**Ph. (604) 589-4830**

P.O.BOX 639
SURREY, B.C. V3T 5L9

# ਅਫਗਾਨਿਸਤਾਨ ਤੇ ਮੱਧ ਪੂਰਬ 'ਚ ਸਥਾਈ ਅਮਨ ਲਈ ਗੋਰਬਾਚੇਵ ਦੇ ਵਿਚਾਰ

(ਕੁਝ ਸਮਾਂ ਪਹਿਲਾਂ ਇਟਲੀ ਦੀ ਕਮਿਊਨਿਸਟ ਪਾਰਟੀ ਦੇ ਅਖਬਾਰ ਲਾ-ਯੂਨਿਟਾ ਦੇ ਪਤਰਪਰੇਰਕ ਸਾਥੀ ਗੁਇਲਤੋ ਚੀਸਾ ਨੇ ਸੋਵੀਅਤ ਯੂਨੀਅਨ ਦੀ ਕਮਿਊ- ਪਾਰਟੀ ਦੇ ਜਨਰਲ ਸਕੱਤਰ ਸਾਥੀ ਮਿਖਾਇਲ ਗੋਰਬਾਚੇਵ ਨਾਲ ਇੰਟਰਵਿਊ ਕੀਤੀ ਸੀ। ਇੰਟਰਵਿਊ ਵਿਚੋਂ ਅਫਗਾਨਿਸਤਾਨ ਤੇ ਮਧ ਪੂਰਬ ਵਿਚ ਸਥਾਈ ਅਮਨਸਬੰਧੀ ਪੁਛੇ ਸਵਾਲਾਂ ਦੇ ਜੋ ਜਵਾਬ ਸਾਥੀ ਗੋਰਬਾਚੇਵ ਨੇ ਦਿਤੇ ਸਨ, ਉਹ ਅਸੀਂ ਇਥੇ ਦੇ ਰਹੇ ਹਾਂ—ਸੰਪਾਦਕ)

● ਸਵਾਲ—ਅਫਗਾਨ ਮਾਮਲੇ ਦੇ ਰਾਜਨੀਤਕ ਹੱਲ, ਉਸ ਦੇਸ ਵਿਚੋਂ ਸੋਵੀਅਤ ਫੌਜਾਂ ਨੂੰ ਵਾਪਸ ਦੇਸ ਲਿਆਉਣ ਵਾਲੇ ਹੱਲ ਦੀਆਂ ਕੀ ਸੰਭਾਵਨਾਵਾਂ ਹਨ ਅਤੇ ਅਫਗਾਨਿਸਤਾਨ ਲਈ ਪੂਰਨ ਪ੍ਰਭੂਤਾ ਤੇ ਸੁਆਧੀਨਤਾ ਯਕੀਨੀ ਬਣਾਉਣ ਦੀਆਂ ਕੀ ਜ਼ਾਮਨੀਆਂ ਹਨ?

● ਜਵਾਬ—ਮੈਂ ਇਹ ਕਹਿਕੇ ਗੱਲ ਸ਼ੁਰੂ ਕਰਾਂਗਾ ਕਿ ਅਫਗਾਨਿਸਤਾਨ ਹੁਣ ਵੀ ਇਕ ਪ੍ਰਭੂਤਾ ਵਾਲਾ ਅਤੇ ਸੁਆਧੀਨ ਰਾਜ ਹੈ।

ਇਸ ਸਾਲ ਦੇ ਸ਼ੁਰੂ ਤੋਂ ਅਫਗਾਨਿਸਤਾਨ ਵਲੋਂ ਚਲਾਈ ਜਾ ਰਹੀ ਕੌਮੀ-ਮੇਲ ਮਿਲਾਪ ਦੀ ਨੀਤੀ ਵਿਚ ਦੇਸ ਵਿਚ ਰਾਜਨੀਤਕ ਹਲ ਜ਼ਰੂਰੀ ਸਾਰੇ ਅੰਸ਼ਸ਼ਾਮਲ ਹਨ। ਇਸ ਗੱਲ ਵਿਚ ਕੋਈ ਸ਼ਕ ਨਹੀਂ ਹੈ ਕਿ ਇਸ ਨੀਤੀ ਨੂੰ ਇਹਦੇ ਬਦੇਸ਼ੀ ਪਹਿਲੂਆਂ ਦੇ ਹੱਲ ਨਾਲ, ਭਾਵ ਅਫਗਾਨਿਸਤਾਨ ਦੇ ਅੰਦਰੂਨੀ ਮਾਮਲਿਆਂ ਵਿਚ ਬਾਹਰਲੇ ਦਖਲ ਦਾ ਖਾਤਮਾਯਕੀਨੀ ਬਣਾਏ ਜਾਣ ਨਾਲ ਸੁਮੇਲਿਆ ਜਾਣਾ ਚਾਹੀਦਾ ਹੈ। ਜਿਵੇਂ ਤੁਹਾਨੂੰ ਪਤਾ ਹੀ ਹੈ, ਇਸ ਸਬੰਧ ਵਿਚ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਦੇ ਇਕ ਨਿਜੀ ਦੂਤ ਰਾਹੀਂ ਅਫਗਾਨਿਸਤਾਨ ਅਤੇ ਪਾਕਿਸਤਾਨ ਵਿਚਕਾਰ ਗੱਲਬਾਤਾਂ ਹੋ ਰਹੀਆਂ ਹਨ।

ਘਰੇਲੂ ਪਹਿਲੂਆਂ ਵਿਚ ਵੀ ਅਤੇ ਬਦੇਸ਼ੀ ਪਹਿਲੂਆਂ ਵਿਚ ਵੀ ਕੁਝ ਤਰੱਕੀ ਹੋਈ ਹੈ। ਜੇ ਕੁਝ ਤਾਕਤਾਂ ਇਸ ਮਾਮਲੇ ਵਿਚ ਦਖਲ ਨਾ ਦਿੰਦੀਆਂ, ਜੇ ਉਹ ਬਾਗੀਆਂ ਨੂੰ ਅਥਾਹ ਮਾਤਰਾ ਵਿਚ ਨਵੀਨ ਹਥਿਆਰ ਨਾ ਭੇਜਦੀਆਂ, ਜੇ ਉਹ ਅਫਗਾਨਿਸਤਾਨ ਦੇ ਬਾਹਰ ਬਾਗੀਆਂ ਦੇ ਲੜਾਕੇ ਗਰੁੱਪਾਂ ਦੀ ਸਿਖਲਾਈ ਜਾਰੀ ਨਾ ਰਖਦੀਆਂ ਅਤੇ ਜੇ ਉਹ ਸ਼ਰਨਾਰਥੀਆਂ ਦੀ ਦੇਸ-ਵਾਪਸੀ ਦੇ ਰਾਹ ਵਿਚ ਰੁਕਾਵਟਾਂ ਖੜੀਆਂ ਨਾ ਕਰਦੀਆਂ ਤਾਂ ਇਸ ਸਬੰਧ ਵਿਚ ਵਧੇਰੇ ਤੇਜ਼ ਉਨਤੀ ਹੋਣੀ ਸੀ।

ਤੇ ਤਾਂ ਵੀ, ਮੈਂ ਦੁਹਰਾਕੇ ਕਹਿੰਦਾ ਹਾਂ, ਕੁਝ ਉਨਤੀ ਹੋਈ ਹੈ।

ਅਫਗਾਨ ਆਗੂਆਂ ਨੇ ਕਿਹਾ ਹੈਕਿ ਕੌਮੀ-ਮੇਲ ਮਿਲਾਪ ਦੇ ਪਰੋਗਰਾਮ ਦੇ ਚੌਖਟੇ ਵਿਚ ਉਹ ਅਤਿਅੰਤ ਵੰਨਸੁਵੰਨੀਆਂ ਰਾਜਨੀਤਕ ਸ਼ਕਤੀਆਂ ਨਾਲ ਅਤੇ ਅਸਲ ਵਿਚ ਉਹਨਾਂ ਵਿਚੋਂ ਬਹੁਗਿਣਤੀ ਨਾਲ ਮਿਲਵਰਤਨ ਕਰਨ ਲਈ ਸਹਿਮਤ ਹਨ ਅਤੇ ਇਕ ਮਿਲੀ-ਜੁਲੀ ਸਰਕਾਰ ਕਾਇਮ ਕਰਨ ਵਾਸਤੇ ਗਲਬਾਤ ਕਰਨ ਲਈ ਤਿਆਰ ਹਨ। ਸਰਕਾਰ ਵਿਚ ਕੌਣ ਕੌਣ ਸ਼ਾਮਲ ਹੋਣਗੇ, ਇਸ ਗੱਲ ਦਾ ਫੈਸਲਾ ਕਰਨਾ ਅਫਗਾਨ ਲੋਕਾਂ ਦਾ ਵਿਸ਼ੇਸ਼ ਅਧਿਕਾਰ ਹੈ, ਹੋਰ ਕਿਸੇ ਦਾ ਨਹੀਂ। ਇਹ ਇਕ ਦਲੇਰ ਪਹੁੰਚ ਹੈ। ਇਹ ਅਫਗਾਨਿਸਤਾਨ ਦੇ ਕੌਮੀ ਜਮਹੂਰੀ ਇਨਕਲਾਬ ਦੀ ਕਿਸੇ ਕਮਜ਼ੋਰੀ ਨੂੰ ਨਹੀਂ ਸਗੋਂ ਉਹਦੀ ਸ਼ਕਤੀ ਨੂੰ ਦਰਸਾਉਂਦੀ ਹੈ।

ਸੋਵੀਅਤ ਯੂਨੀਅਨ ਇਹਨਾਂ ਮਾਮਲਿਆਂ ਵਿਚ ਦਖਲ ਨਹੀਂ ਦਿੰਦਾ ਅਤੇ ਨਾ ਹੀ ਦੇਵੇਗਾ ਕਿ ਅਫਗਾਨ ਸਾਥੀ ਕੌਮੀ ਮੇਲ-ਮਿਲਾਪ ਦੇ ਪ੍ਰੋਗਰਾਮ ਦੀ ਸਾਕਾਰਤਾ ਲਈ ਭਿਆਲ ਕਿਥੋਂ ਲਭਣਗੇ, ਭਾਵ ਆਪਣੇ ਦੇਸ਼ ਵਿਚੋਂ, ਸ਼ਰਨਾਰਥੀਆਂਵਿਚੋਂ, ਬਦੇਸ਼ੀ ਜਾ ਵਸੇ ਅਫਗਾਨ ਲੋਕਾਂ ਵਿਚੋਂ ਜਾਂ ਜੇ ਚਾਹੁਣ ਤਾਂ ਤੁਹਾਡੇ ਦੇਸ਼ ਵਿਚੋਂ ਭਾਵ ਇਟਲੀ ਵਿਚੋਂ।

ਕਈ ਵਾਰ ਇਹ ਕਿਹਾ ਜਾਂਦਾ ਹੈ ਕਿ ਸੋਵੀਅਤ ਯੂਨੀਅਨ ਅਫਗਾਨ ਸਮਸਿਆ ਦੇ ਕੇਵਲ ਅਜਿਹੇ ਰਾਜਨੀਤਕ ਹੱਲ ਲਈ ਹੀ ਸਹਿਮਤ ਹੋਵੇਗਾ ਜਿਹੜਾ ਅਫਗਾਨਿਸਤਾਨ ਨੂੰ ਉਹਦੇ "ਪਰਭਾਵ ਦੇ ਖੇਤਰ" ਵਿਚ ਰਹਿਣ ਦੇਵੇਗਾ। ਇਹ ਮੂਲੋਂ ਹੀ ਗਲਤ ਮੁਲੰਕਣ ਹੈ। ਸੋਵੀਅਤ ਯੂਨੀਅਨ ਦਾ ਕੋਈ ਪਰਭਾਵ ਦਾ ਖੇਤਰ ਹੈ ਹੀ ਨਹੀਂ ਅਤੇ ਨਾ ਹੀ ਇਹਦੀਅਜਿਹੀ ਕੋਈ ਤਾਂਘ ਹੈ। ਜਿਥੋਂ ਤਕ ਕਿ ਅਫਗਾਨਿਸਤਾਨ ਦਾ ਸਬੰਧ ਹੈ, ਅਸੀਂ ਗੁੱਟ-ਨਿਰਲੇਪ ਲਹਿਰ ਦੀ ਇਸ ਪੁਜ਼ੀਸ਼ਨ ਦੀ ਪੂਰੀ ਤਰਾਂ ਹਮਾਇਤ ਕਰਦੇ ਹਾਂ ਕਿ ਉਹ ਦੇਸ਼ ਸੁਆਧੀਨ, ਪਰਭੂਤਾ ਵਾਲਾ ਅਤੇ ਗੁਟ-ਨਿਰਲੇਪ ਬਣਿਆ ਰਹਿਣਾ ਚਾਹੀਦਾ ਹੈ।

ਜੇ ਅਫਗਾਨਿਸਤਾਨ ਨੇ ਨਿਰਪੱਖ ਵੀ ਬਣਨਾ ਹੈ ਤਾਂ ਇਹ ਫੈਸਲਾ ਵੀ ਅਫਗਾਨ ਲੋਕ ਹੀ ਕਰਨਗੇ।

ਮੁੱਖ ਗੱਲ ਇਮਾਨਦਾਰ ਅਤੇਵਾਜਬ ਆਧਾਰ ਉਤੇ ਅਫਗਾਨ ਮਾਮਲੇ ਨੂੰ ਹੱਲ ਕਰਨ ਦੇ ਮਾਰਗ ਉਤੇ ਤੇਜ਼ੀ ਨਾਲ ਅਗੇ ਵਧਣਾ ਹੈ।

● ਸਵਾਲ—ਮੱਧ-ਪੂਰਬ ਅਜੇ ਵੀ ਖਤਰੇ ਦਾ ਭਖਦਾ ਅਖਾੜਾ ਬਣਿਆ ਹੋਇਆ ਹੈ ਅਤੇ ਇਹਦੇ ਨਾਲ ਹੀ ਅਜਿਹੀਆਂ ਸਮਸਿਆਵਾਂ ਦਾ ਇਕ ਸੋਮਾ ਬਣਿਆ ਹੋਇਆ ਹੈ ਜਿਹਨਾਂ ਨੂੰ ਹੱਲ ਕਰਨਾ ਅਤਿਅੰਤ ਮੁਸ਼ਕਲ ਹੈ। ਸੋਵੀਅਤ ਯੂਨੀਅਨ ਨੇ ਵਾਰ ਵਾਰ ਕਿਹਾ ਹੈ ਕਿਇਹ ਫਲਸਤੀਨੀਆਂ ਦੇ ਮਨੋਰਥ ਦੀ ਹਮਾਇਤ ਕਰਦਾ ਹੈ ਅਤੇ ਇਹਨੇ ਸਾਰੀਆਂ ਸਬੰਧਿਤ ਧਿਰਾਂ ਨੂੰ ਸ਼ਾਮਲ ਕਰਕੇ ਇਕ ਕੌਮਾਂਤਰੀ ਕਾਨਫਰੰਸ ਬਲਾਉਣ ਦੀ ਤਜਵੀਜ਼ ਪੇਸ਼ ਕੀਤੀ ਹੈ। ਕੀ ਤੁਸੀਂ ਕਿਰਪਾ ਕਰਕੇ ਦਸੋਗੇ ਕਿ ਸੋਵੀਅਤ ਯੂਨੀਅਨ ਅਨੁਸਾਰ


DOSANJH & PIRANI

#202 - 5887 Victoria Drive, Vancouver, B.C. V5P 3W5

Phone 327-6381

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ਼ੀਦਣ ਤੇ ਵੇਚਣ ਦੇ ਕਾਗਜ਼ਾਤ

● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

ਇਸ ਟੀਚੇ ਦੀ ਪਰਾਪਤੀ ਲਈ ਕਿਹੜਾ ਰਾਹ ਫੜਿਆ ਜਾਣਾ ਚਾਹੀਦਾ ਹੈ ? ਸੋਵੀਅਤ ਯੂਨੀਅਨ ਅਤੇ ਇਸਰਾਈਲ ਵਿਚਕਾਰ ਸਬੰਧਾਂ ਦੀ ਬਹਾਲੀ ਦੀਆਂ ਸੰਭਾਵਨਾਵਾਂ ਹਨ ?

● ਜਵਾਬ—ਮੱਧ-ਪੂਰਬੀ ਟਕਰਾਅ ਇਕ ਪੁਰਾਣਾ ਅਤੇ ਬਹੁਤ ਧਮਾਕੇ ਭਰਿਆ ਟਕਰਾਅ ਹੈ। ਇਹਨੂੰ ਹੱਲ ਕਰਨਾ ਇਕ ਵਡਾ ਕੌਮਾਂਤਰੀ ਮੰਤਵ ਹੈ। ਇਕ ਕੌਮਾਂਤਰੀ ਮੱਧ ਪੂਰਬ ਅਮਨ ਕਾਨਫਰੰਸ ਦੇ ਵਿਚਾਰ, ਜੀਹਦੇ ਵਿਚ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਦੇ ਸਥਾਈ ਮੈਂਬਰਾਂ ਨਾਲ ਮਿਲਕੇ ਸਾਰੀਆਂ ਸਬੰਧਿਤ ਧਿਰਾਂ ਹਿਸਾ ਲੈਣਗੀਆਂ, ਨੂੰ ਪਿਛੇ ਜਿਹੇ ਦੇ ਮਹੀਨਿਆਂ ਤੋਂ ਵਧੇਰੇ ਵਿਸ਼ਾਲ ਹੁੰਗਾਰਾ ਪ੍ਰਾਪਤ ਹੁੰਦਾ ਆ ਰਿਹਾ ਹੈ।

ਕੌਮਾਂਤਰੀ ਕਾਨਫਰੰਸ ਸਰਬਵਿਆਪਕ ਅਤੇ ਲਚਕੀਲਾ ਰੂਪ ਹੈ। ਇਹਦੇ ਚੌਖਟੇ ਵਿਚ ਦੁਪਾਸੀ, ਤਿਪਾਸੀ ਅਤੇ ਬਹੁਪਾਸੀ ਗੱਲਾਂਬਾਤਾਂ ਕੀਤੀਆਂ ਜਾ ਸਕਦੀਆਂ ਹਨ। ਕਾਨਫਰੰਸ ਦੇ ਭਿਆਲਾਂ ਵਿਚਕਾਰ ਸਭ ਕਿਸਮ ਦੇ ਸੰਪਰਕ ਅਤੇ ਮਿਲਵਰਤਨੀ ਅਮਲ ਵਾਜਬ ਹਨ।

ਮਾਮਲੇ ਦੇ ਸਾਰ ਦੀ ਅਤੇ ਮੱਧ-ਪੂਰਵੀ ਟਕਰਾਅ ਦੇ ਰਾਜਨੀਤਕ ਹੱਲਲਈ ਅਸੂਲੀ ਅਧਾਰ ਦੀ ਗੱਲ ਕਰਦਿਆ ਕੇਂਦਰੀ ਦੁਕਤਾ ਹੋਣਾ ਚਾਹੀਦਾ ਹੈ ਨਿਆਂਕਾਰੀ—ਜੂਨ 1967 ਤੋਂ ਉਹਦੇ ਵਲੋਂ ਕਬਜ਼ੇ ਹੇਠ ਲਏ ਗਏ ਇਲਾਕਿਆਂ ਤੋਂ ਇਸਰਾਇਲੀ ਫੌਜਾਂ ਕਢੀਆਂ ਜਾਣੀਆਂ ਚਾਹੀਦੀਆਂ ਹਨ, ਖ਼ੁਦ ਆਪਣਾ ਰਾਜ ਕਾਇਮ ਕਰਨ ਦੇ ਅਧਿਕਾਰ ਸਮੇਤ ਫਲਸ਼ਤੀਨ ਦੇ ਅਰਬ ਲੋਕਾਂ ਦੇ ਸਵੈ-ਨਿਰਣੇ ਸਬੰਧੀ ਨਿਆਈਂ ਅਧਿਕਾਰ ਨੂੰ ਮਾਨਤਾ ਦਿਤੀ ਜਾਣੀ ਚਾਹੀਦੀ ਹੈ. ਸੁਭਾਵਿਕ ਹੀ ਹੀ ਇਸਰਾਈਲ ਸਮੇਤ ਸਾਰੇ ਮੱਧ ਪੂਰਬੀ ਦੇਸਾਂ ਲਈ ਸੁਰਖਿਅਤ ਤੇ ਮਾਨਤਾ ਪ੍ਰਾਪਤ ਹੱਦਾਂ ਦੇ ਅੰਦਰ ਅਮਨ ਦੀਆਂ ਹਾਲਤਾਂ ਵਿਚ ਰਹਿਣ ਲਈ ਸੰਭਾਵਨਾ ਦੀ ਵਿਸ਼ਵਾਸ਼ਯੋਗ ਢੰਗ ਨਾਲ ਜ਼ਾਮਨੀ ਕੀਤੀ ਜਾਣੀ ਚਾਹੀਦੀ ਹੈ।

ਪਿਛੇ ਜਿਹੇ ਮੱਧ-ਪੂਰਬੀ ਮਾਮਲਿਆਂ ਦੇ ਵਿਕਾਸ ਉਤੇ ਸਿਧਾ ਅਸਰ ਪਾਉਣ ਵਾਲੀਆਂ ਅਹਿਮ ਘਟਨਾਵਾਂ ਵਰਤੀਆਂ ਹਨ।

ਤੁਸੀਂ ਸੋਵੀਅਤ—ਇਸਰਾਈਲ ਸਬੰਧਾਂ ਬਾਰੇ ਪੁਛਿਆ ਹੈ। ਜਿਥੋਂ ਤਕ ਡਿਪਲੋਮੇਟਿਕ ਸਬੰਧਾਂ ਦੀ ਗੱਲ ਹੈ, ਮੈਂ ਸਾਰੀ ਪੁਜੀਸ਼ਨ ਪਿਛੇ ਜਿਹੇ ਇਕ ਭਾਸ਼ਨ ਵਿਚ ਸਪਸ਼ਟ ਕਰ ਵੀ ਚੁਕਿਆ ਹਾਂ। ਜੇ ਮੱਧ ਪੂਰਬ ਦੀ ਸਮਸਿਆ ਦੇ ਹੱਲ ਵਿਚ ਅਸਲ ਤਰਕੀ ਵਾਪਰੇ ਤਾਂ ਇਹ ਸਬੰਧ ਬਹਾਲ ਕੀਤੇ ਜਾ ਸਕਦੇ ਹਨ। ਸਾਡੇ ਕੋਲ ਇਸਰਾਈਲ ਨੂੰ ਕਿਸੇ ਹੋਰ ਰਾਜ ਨਾਲੋਂ ਵਖਰੀ ਤਰਾਂ ਲੈਣ ਦਾ ਸਿਵਾਏ ਇਕਕਾਰਨ ਤੋਂ ਹੋਰ ਕੋਈ ਕਾਰਨ ਨਹੀਂ ਹੈ ਅਤੇ ਉਹ ਕਾਰਨ ਹੈ ਅਰਬਾਂ ਦੇ ਸਬੰਧ ਵਿਚ ਇਸਰਾਈਲ ਦੀ ਹਮਲਾਵਰ ਨੀਤੀ।

● ਸਵਾਲ—ਅਸੀਂ ਸਾਰੇ ਹੀ ਇਕ ਨਵੀਂ ਕੌਮਾਂਤਰੀ ਆਰਥਕ ਵਿਵਸਥਾ ਦੀ ਕਾਇਮੀ ਦੀ ਲੋੜ ਬਾਰੇ ਅਤੇ ਉਹਦੇ ਮਹੱਤਵ ਬਾਰੇ ਸੁਚੇਤ ਹਾਂ। ਇਸ ਸਬੰਧ ਵਿਚ ਵਿਕਾਸਸ਼ੀਲ ਦੇਸਾਂ ਦੇ ਕਰਜਾਈਪੁਣੇ ਦਾ ਸਵਾਲ ਪੈਦਾ ਹੁੰਦਾ ਹੈ। ਇਸ ਸਮਸਿਆ ਦੇ ਹੱਲ ਲਈ ਅਨੇਕ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ ਹਨ। ਇਸ ਸਬੰਧੀ ਸੋਵੀਅਤ ਯੂਨੀਅਨ ਦਾ ਸਟੈਂਡ ਕੀ ਹੈ ? ਮਹਿਸੂਲਾਂ ਅਤੇ ਵਪਾਰ ਬਾਰੇ ਆਮ ਸਮਝੌਤੇ (ਗਾਟ) ਵਿਚ ਸੋਵੀਅਤ ਯੂਨੀਅਨ ਦੀ ਸੱਜਰੀ ਦਿਲਚਸਪੀ ਦਾ ਕੀ ਕਾਰਨ ਹੈ ?

● ਜਵਾਬ—ਨਵੀਂ ਕੌਮਾਂਤਰੀ ਆਰਥਿਕ ਵਿਵਸਥਾ ਦੀ ਕਾਇਮੀ, ਕੌਮਾਂਤਰੀ ਆਰਥਕ ਸਲਾਮਤੀ ਨੂੰ ਯਕੀਨੀ ਬਣਾਏ ਜਾਣਾ ਅਤੇ ਕਰਜ਼ੇ ਦੀ ਸਮਸਿਆ ਨੂੰ ਹੱਲ ਕਰਨ ਲਈ ਯਥਾਰਥਕ ਢੰਗਾਂ ਦੀ ਭਾਲ —ਇਹ ਸਾਰੀਆਂ ਗੱਲਾਂ ਸਾਡਾ ਅਤਿਅੰਤ ਧਿਆਨ ਖਿਚਦੀਆਂ ਹਨ।

ਵਧੇਰੇ ਹੰਢਣਸਾਰ ਅਤੇ ਵਿਸ਼ਵਾਸ਼ ਜੋਗ ਅਮਨ ਦੀ ਉਸਾਰੀ ਲਈ ਸਾਰੇਜਤਨ ਉਸ ਸੂਰਤ ਵਿਚ ਬਹੁਤ ਹੀ ਘੱਟ ਨਤੀਜੇ ਦੇਣਗੇ ਜੇ ਇਹਦੇ ਨਾਲ ਹੀ ਕੌਮਾਂਤਰੀ ਆਰਥਕ ਮਾਮਲ ਨਿਆਈਂ ਅਧਾਰ ਉਤੇ ਨਹੀਂ ਨਜਿਠੇ ਜਾਂਦੇ।

ਇੰਜ ਲਗਦਾ ਹੈ ਕਿ ਪੂੰਜੀਵਾਦੀ ਪੱਛਮ ਦੇ ਦੇਸ਼ਾਂ ਨੇ ਕੌਮਾਂਤਰੀ ਵਪਾਰ ਉਤੇ ਬਣਾਉਟੀ ਰੁਕਾਵਟਾਂ, ਕਰਜ਼ਾਈਪੁਣੇ, ਨਾ-ਬਰਾਬਰ ਵਟਾਦਰਿਆਂ, ਆਦਿ ਸਮੇਤ ਮਾਮਲਿਆਂ ਦੇ ਅਥਾਹ ਵਡੇ ਲੱਛਣ ਨੂੰ ਸਮਝਣਾ ਸ਼ੁਰੂ ਕਰ ਦਿਤਾ ਹੈ। ਪਰ ਉਹ ਮਾਮਲਿਆਂ ਵਲ ਨਵਬਸਤੀਵਾਦ ਦੇ ਪੁਰਾਣੇ ਢੰਗਾਂ ਨਾਲ ਪਹੁੰਚ ਕਰ ਰਹੇ ਹਨ। ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਇਹਦੇ ਨਾਲ ਹੋਰ ਰੁਕਾਵਟਾਂ ਹਾਂ ਖੜੀਆਂ ਹੁੰਦੀਆਂ ਹਨ, ਸੱਜਰੀਆਂ ਗੁੰਝਲੀ ਹੀ ਪੈਦਾ ਹੁੰਦੀਆਂ ਹਨ ਅਤੇ ਸਾਰੇ ਭਾਵੀ ਰਾਜਨੀਤਕ ਨਤੀਜਿਆਂ ਸਮੇਤ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਕਰੋੜਾਂ ਲੋਕਾਂ ਲਈ ਵਡੇਰੀਆਂ ਮੁਸੀਬਤਾਂ ਹੀ ਪੈਦਾ ਹੁੰਦੀਆਂ ਹਨ।

ਵਿਸ਼ਵੀ ਆਪੀ ਆਰਥਕ ਸਮੱਸਿਆਵਾਂ ਸਮੁੱਚੇ ਸੰਸਾਰ ਵਲੋਂ, ਭਾਵ ਕੌਮਾਂਤਰੀਕਰਨ ਦੇ ਆਧਾਰ ਉਤੇ ਹੱਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਹੋਰ ਸਾਰੇ ਢੰਗ ਨਿੱਕੇ ਮੋਟੇ ਜਤਨ ਹੀ ਹਨ। ਸਾਡੇ ਸਾਰਿਆਂ ਵਲੋਂ ਇਹ ਗੱਲ ਸਮਝ ਲੈਣ ਦਾ ਉਚਿਤ ਸਮਾਂ ਹੈ ਕਿਉਂਕਿ ਜਿਵੇਂ ਪੁਰਾਤਨ ਰੋਮ ਦੀ ਇਕ ਕਹਾਵਤ ਸੀ, ਬੁਝ ਗਈ ਲਗਦੀ ਅੱਗ ਅਕਸਰ ਹੀ ਸਵਾਹ ਦੇ ਹੇਠਾਂ ਮਘ ਰਹੀ ਹੁੰਦੀ ਹੈ।

ਸੋਵੀਅਤ ਯੂਨੀਅਨ ਸਮਕਾਲੀ ਸੰਸਾਰ ਦੀਆਂ ਇਹ ਗੰਭੀਰ ਸਮਸਿਆਵਾਂ ਹਲ ਕਰਨ ਲਈ ਦੇਸ਼ਾਂ ਨਾਲ ਮਿਲਵਰਤਨ ਕਰਨ ਵਾਸਤੇ ਤਿਆਰ ਹੈ।

ਗਾਟ ਬਾਰੇ ਮੈਂ ਬਹੁਤ ਸੰਖੇਪ ਵਿਚ ਗਲ ਕਰਾਂਗਾ। ਇਹ ਉਹਨਾਂ ਕੌਮਾਂਤਰੀ ਮਸ਼ੀਨਰੀਆਂ ਵਿਚੋਂ ਇਕ ਹੈ ਜਿਹੜੀਆਂ ਸੰਸਾਰ ਦੇ ਆਰਥਕ ਸਬੰਧਾਂ ਦੀ ਬਿਹਤਰੀ ਦੇ ਮਨੋਰਥ ਵਿਚ ਸਾਰੇ ਦੇਸਾਂ ਦੇ ਜਤਨ ਇਕਮੁੱਠ ਕਰਨ ਲਈ ਵਰਤੀਆਂ ਜਾ ਸਕਦੀਆਂ ਹਨ ਅਤੇ ਸਾਡੇ ਖਿਆਲ ਅਨੁਸਾਰ ਵਰਤੀਆਂ ਜਾਣੀਆਂ ਚਾਹੀਦੀਆਂ ਹਨ। ਗਾਟ ਵਿਚ ਅਤੇ ਉਹਦੇ ਚੌਖਟੇ ਦੇ ਦੇ ਅੰਦਰ ਹੋ ਰਹੀਆਂ ਬਹੁਪਾਸੀ ਵਪਾਰਕ ਗੱਲਾਂਬਾਤਾਂ ਵਿਚ ਸਾਡੀ ਦਿਲਚਸਪੀ ਦਾ ਇਹੀ ਕਾਰਨ ਹੈ।

---

# ਤੂੰ ਮਰਿਆ ਨਹੀਂ

(ਦੀਪਕ ਧਵਨ ਦੇ ਨਾਂ)

ਤੂੰ ਮਰਿਆ ਨਹੀਂ,
ਸਗੋਂ ਸ਼ਹੀਦ ਹੋਇਆ ਏਂ
ਤੇ-ਜੋ ਸ਼ਹੀਦ ਹੁੰਦੇ ਨੇ
ਉਹ ਕਦੇ ਮਰਦੇ ਨਹੀਂ

---

ਸਫ਼ਾ 7 ਦੀ ਬਾਕੀ

ਧਾਤਾਂ ਪਸ਼ੂ ਨੂੰ ਉਤੇ ਦਸੀ ਗਈ ਮਿਕਦਾਰ ਮੁਤਾਬਿਕ ਹੀ ਦੇਣੀਆਂ ਚਾਹੀਦੀਆਂ ਹਨ। ਜਿਥੇ ਇਹਨਾਂ ਦੇ ਘਾਟ ਕਾਰਨ ਪਸ਼ੂ ਦੀ ਸਿਹਤ ਤੇ ਉਤਪਾਦਨ ਤੇ ਬੁਰਾ ਅਸਰ ਪੈਂਦਾ ਹੈ ਉਥੇ ਵਧ ਮਿਕਦਾਰ ਵਿਚ ਧਾਤਾਂ ਦੇਣ ਨਾਲ ਪਸ਼ੂ ਨੂੰ ਕਈ ਰੋਗ ਲਗ ਜਾਂਦੇ ਹਨ। ਇਹਨਾਂ ਦੀ ਵਰਤੋਂ ਬੜੀ ਸਾਵਧਾਨੀ ਨਾਲ ਕਰਨ ਦੀ ਲੋੜ ਹੈ ਤਾਂ ਜੋ ਪਸ਼ੂਆਂ ਤੋਂ ਪੂਰਾ ਲਾਭ ਉਠਾਇਆ ਜਾ ਸਕੇ।

●

---

ਸਫ਼ਾ 25 ਦੀ ਬਾਕੀ

ਰਾਖੀ ਕਰਨ ਲਈ ਵਚਨਬੱਧ ਹੈ। ਵਿਰੋਧੀ ਪਾਰਟੀਆਂ, ਜਿਹਨਾਂ ਨੇ ਇਕਮੁਠ ਹੋ ਕੇ ਜਸਟਿਸ ਅਈਅਰ ਨੂੰ ਆਪਣਾ ਉਮੀਦਵਾਰ ਨਾਮਜ਼ਦ ਕੀਤਾ ਹੈ,ਰਾਸ਼ਟਰਪਤੀ ਚੋਣ ਦੇ ਸਾਰੇ ਨਿਰਵਾਚਕ ਮੰਡਲ ਨੂੰ ਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਨੂੰ, ਜਿਸ ਵਿਚ ਕਾਂਗਰਸ ਪਾਰਟੀ ਦੇ ਲੋਕ ਵੀ ਸ਼ਾਮਲ ਹਨ—ਇਹ ਸਮਝਾਉਣ ਦੀ ਹਰ ਮੁਮਕਿਨ ਕੋਸ਼ਿਸ਼ ਕਰੇਗੀ ਕਿ ਕਾਂਗਰਸ ਦੇ ਉਮੀਦਵਾਰ ਨੂੰ ਵੋਟ ਦੇਣ ਦਾ ਮਤਲਬ ਹੈ, ਸੰਵਿਧਾਨ ਦੀਆਂ ਮਹੱਤਵਪੂਰਨ ਧਾਰਨਾਵਾਂ ਨੂੰ ਨਕਾਰਾ ਬਣਾ ਦੇਣ ਲਈ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਵਿਚਾਲੇ ਤਾਕਤਾਂ ਅਤੇ ਕੰਮਾਂ ਦੇ ਸਮੁਚੇ ਸੰਤੁਲਨ ਨੂੰ ਖਤਮ ਕਰ ਦੇਣ ਲਈ ਵੋਟ ਦੇਣ। ਅਤੇ ਜੇ ਉਹ ਸੰਵਿਧਾਨ ਵਿਚ ਅਜੇਹੀ ਭੰਨ ਤੋੜ ਨੂੰ ਰੋਕਣਾ ਚਾਹੁੰਦੇ ਹਨ, ਤਾਂ ਉਹਨਾਂ ਨੂੰ ਅਪੋਜੀਸਨ ਦੇ ਉਮੀਦਵਾਰ ਨੂੰ ਵੋਟ ਦੇਣੀ ਚਾਹੀਦੀ ਹੈ।

# ਈਰਾਨੀ ਖਾੜੀ ਵਿਚ ਅਮਰੀਕੀ ਮੁਹਿੰਮਬਾਜ਼ੀ

ਈਰਾਨ-ਇਰਾਕ ਦੇ ਯੁੱਧ ਦੇ ਕਾਰਨ, ਈਰਾਨੀ ਖਾੜੀ ਇਕ ਮਹੱਤਵਪੂਰਣ ਫੌਜੀ ਖੇਤਰ ਬਣ ਗਿਆ ਹੈ। ਈਰਾਨ-ਈਰਾਕ ਦੇ ਸੱਤ ਸਾਲਾਂ ਦੇ ਨਿਰੰਤਰ ਯੁੱਧ ਦੇ ਵਿਚ ਦੋਹਾਂ ਪਾਸਿਆਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋ ਚੁਕਾ ਹੈ। ਮਾਲੀ ਨੁਕਸਾਨ ਦਾ ਅੰਦਾਜ਼ਾ ਕੁਝ ਲੋਕਾਂ ਦੇ ਕਹਿਣ ਅਨੁਸਾਰ 500 ਬਿਲੀਅਨ ਡਾਲਰ ਹੈ। ਇਸ ਯੁੱਧ ਦਾ ਲਾਭ ਕਿਸੇ ਨੂੰ ਵੀ ਨਹੀਂ ਹੈ, ਸਿਵਾਏ ਪੱਛਮੀ ਦੇਸਾਂ ਦੇ ਹਥਿਆਰਾਂ ਦੇ ਕਾਰੋਬਾਰੀ ਲੋਕਾਂ ਦੇ, ਜਿਹੜੇ ਇਥੇ ਬੜਾ ਲਾਹੇਵੰਦਾ ਵਪਾਰ ਕਰ ਰਹੇ ਹਨ।

ਇਸ ਖੇਤਰ ਦੇ ਅਮਨ ਅਤੇ ਕੌਮਾਂਤਰੀ ਸੁਰੱਖਿਆ ਨੂੰ ਅਮਰੀਕਾ ਦੇ ਮੁਹਿੰਮਬਾਜ਼ ਸ਼ਾਸਕਾਂ ਦੇ ਕਾਰਣ, ਹਮੇਸ਼ਾਂ ਖਤਰਾ ਕਾਇਮ ਰਹਿੰਦਾ ਹੈ। ਅਮਰੀਕਾ ਦੇ ਹਾਕਮ ਇਸ ਖੇਤਰ ਵਿਚ ਆਪਣੀ ਫੌਜੀ ਮਸ਼ੀਨਰੀ ਨੂੰ ਕਾਇਮ ਰਖਣ ਦੇ ਯਤਨ ਹਮੇਸ਼ਾਂ ਕਰਦੇ ਰਹਿੰਦੇ ਹਨ।

ਪਿਛੇ ਜਿਹੇ ਹੀ ਇਕ ਅਜਿਹੀ ਦੁਰਘਟਨਾ ਇਸ ਖੇਤਰ ਵਿਚ ਵਾਪਰੀ ਹੈ ਜਿਸ ਵਿਚ ਅਮਰੀਕਾ ਦੇ 37 ਜਹਾਜ਼ੀ ਮਾਰੇ ਗਏ ਹਨ, ਕਿਉਂਕਿ ਅਮਰੀਕੀ ਸਟਾਰਕ ਨਾਂ ਦੇ ਜਹਾਜ਼ ਤੇ ਹਮਲਾ ਕੀਤਾ ਗਿਆ ਸੀ। ਇਹੀ ਗੱਲ ਦਸਦੀ ਹੈ ਕਿ ਅਮਰੀਕੀ ਫੌਜਾਂ ਅਤੇ ਹੋਰ ਅਮਲਾ ਇਸ ਖੇਤਰ ਵਿਚ ਮੌਜੂਦ ਹੈ।

ਅਮਰੀਕੀ ਪ੍ਰਧਾਨ ਸ੍ਰੀ ਰੋਨਾਲਡ ਰੀਗਨ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਅਗੋਂ ਅਜਿਹੀ ਘਟਨਾ ਨਹੀਂ ਹੋਣੀ ਚਾਹੀਦੀ. ਪਰੰਤੂ ਉਹ ਇਸ ਸੋਗੀ ਅਤੇ ਦੁਖ ਭਰੀ ਦੁਰਘਟਨਾ ਦੇ ਅਸਲੀ ਕਾਰਣ ਨੂੰ ਨਹੀਂ ਦਸ ਸਕਿਆ ਜਿਹੜਾ ਕਿ ਹੋਰ ਕੁਝ ਨਹੀਂ, ਸਿਰਫ ਅਮਰੀਕੀ ਸਾਮਰਾਜ ਦੀਆਂ ਇੱਛਾਵਾਂ ਹੀ ਹਨ।

ਪਿਛੇ ਜਿਹੇ ਹੀ ਅਮਰੀਕਾ ਦੇ ਹਾਕਮਾਂ ਨੇ ਈਰਾਨੀ ਖਾੜੀ ਅਤੇ ਹਿੰਦ ਮਹਾਂਸਾਗਰ 'ਚ ਬਾਕੀ ਹਿੱਸੇ ਨੂੰ "ਫੌਜੀ ਅਹਿਮੀਅਤ ਦਾ ਤੀਸਰਾ ਖੇਤਰ" ਕਰਾਰ ਦਿੱਤਾ ਹੈ ਜਿਸ ਵਿਚ ਉਸਦੇ "ਵੱਡੇ ਹਿਤ" ਸ਼ਾਮਿਲ ਹਨ। ਇਸੇ ਲਈ ਅਮਰੀਕੀ ਨੀਤੀਵਾਨਾਂ ਨੇ ਇਸ ਖੇਤਰ ਵਿਚ ਆਪਣੀਆਂ ਫੌਜਾਂ ਦੀ ਗਿਣਤੀ ਨੂੰ ਬਹੁਤ ਹੀ ਵਧਾ ਦਿੱਤਾ ਹੈ।

ਈਰਾਨੀ ਗੇਟ ਦੇ ਕੁਕਰਮ ਦੇ ਇਨਕਸ਼ਾਫ ਨੇ, ਈਰਾਨ ਨੂੰ ਖੁਫੀਆ ਤੌਰ ਤੇ ਭੇਜੇ ਜਾਣ ਵਾਲੇ ਹਥਿਆਰਾਂ ਦੀ ਗੱਲ ਜ਼ਾਹਰ ਕਰ ਦਿੱਤੀ ਹੈ ਅਤੇ ਇਹ ਗੱਲ ਵੀ ਸਾਹਮਣੇ ਆ ਗਈ ਹੈ ਕਿ ਈਰਾਨ ਤੋਂ ਪ੍ਰਾਪਤ ਕੀਤੀ ਰਕਮ ਦਾ ਕੁਝ ਹਿੱਸਾ ਨਿਕਾਰਾਗੂਆ ਦੇ ਬਾਗੀ, ਕੋਨਟਰਾਜਾਂ ਅਤੇ ਅਫਗਾਨਿਸਤਾਨ ਦੇ ਅੱਤਵਾਦੀਆਂ ਨੂੰ ਦਿੱਤਾ ਗਿਆ ਹੈ। ਇਹ ਗੱਲ ਸਪੱਸ਼ਟ ਕਰਦੀ ਹੈ ਕਿ ਅਮਰੀਕਾ ਦੇ ਹੁਕਮਰਾਨ ਸਮਝੌਤਿਆਂ ਨੂੰ ਤੋੜਨ ਅਤੇ ਜਾਤੀਵਾਦ ਤੇ ਅਸੂਲਾਂ ਦੇ ਉਲੰਘਣ ਕਰਨ ਅਤੇ ਦੇਸ਼ਾਂ ਵਿਚਲੇ ਸੰਬੰਧਾਂ ਨੂੰ ਅੱਖੋਂ ਓਹਲੇ ਕਰਨ ਵਿਚ ਜ਼ਰਾ ਵੀ ਨਹੀਂ ਝਿਜਕਦੇ, ਜਦੋਂ ਉਹਨਾਂ ਨੂੰ ਆਪਣੇ ਹਿੱਤ ਨੂੰ ਨਵੇਂ ਕਰਨ ਦੀ ਲੋੜ ਮਹਿਸੂਸ ਹੋਵੇ ਜਾਂ ਪੁਰਾਣੇ ਅਧਿਕਾਰ ਖੇਤਰਾਂ ਨੂੰ ਨਵੀਂ ਤਰਤੀਬ ਦੇਣੀ ਹੋਵੇ।

ਈਰਾਨੀ ਖਾੜੀ ਦੀ ਹਾਲ ਦੀ ਦੁਰਘਟਨਾ, ਜਿਹੜੀ ਕਿ ਅਮਰੀਕਾ ਦੇ ਜੰਗੀ ਜਹਾਜ਼ਾਂ ਦੇ ਇਸ ਖੇਤਰ ਵਿਚ ਤਾਈਨਾਤ ਹੋਣ ਦਾ ਇਕ ਤਾਰਕਿਕ ਨਤੀਜਾ ਹੈ, ਇਕ ਸੰਜੀਦਾ ਖਤਰੇ ਦੀ ਖਬਰ ਦੇਂਦੀ ਹੈ ਅਤੇ ਰੀਗਨ ਪ੍ਰਸ਼ਾਸਨ ਆਪਣੀਆਂ ਫੌਜਾਂ ਨੂੰ "ਆਪਣੇ ਵੱਡੇ ਹਿੱਤਾਂ" ਅਤੇ "ਜਹਾਜ਼ਰਾਨੀ ਦੀ ਅਜ਼ਾਦੀ" ਦੀ ਰਾਖੀ ਦੇ ਬਹਾਨੇ ਖਾੜੀ ਦੇ ਖੇਤਰ ਵਿਚ ਤਿਆਰ ਬਰ ਤਿਆਰ ਰਹਿਣ ਦਾ ਹੁਕਮ ਦਿੱਤਾ ਹੈ। ਇਸ ਨੇ ਸੰਬੰਧਿਤ ਲੋਕਾਂ ਦੇ ਮਨਾਂ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ।

ਇਸ ਖੇਤਰ ਦੇ ਲੋਕਾਂ ਦੀਆਂ ਆਸ਼ਾਵਾਂ ਅਤੇ ਖਾੜੀ ਦੇ ਦੇਸ਼ਾਂ ਦੇ ਹਿੱਤ, ਇਸ ਗੱਲ ਦੀ ਮੰਗ ਕਰਦੇ ਹਨ ਕਿ ਅਮਰੀਕੀ ਫੌਜਾਂ ਦੀ ਖਾੜੀ ਵਿਚ ਮੌਜੂਦਗੀ ਅਤੇ ਅਮਰੀਕਾ ਅਤੇ ਉਸ ਦੇ ਨਾਟੋ ਦੇ ਸਾਥੀਆਂ ਨੂੰ ਪ੍ਰਾਪਤ ਸਹੂਲਤਾਂ ਨੂੰ ਖਤਮ ਕਰ ਦਿੱਤਾ ਜਾਏ। ਇਹ ਉਚਿਤ ਸਮਾਂ ਹੈ ਕਿ ਇਸ ਖੇਤਰ ਦੇ ਸਾਰੇ ਲੋਕ, ਆਪਣੇ ਸਿਆਸੀ ਵਿਚਾਰਾਂ ਦੀ ਵਿਭਿੰਨਤਾਂ ਦੇ ਬਾਵਜੂਦ ਆਪਣੀ ਏਕਤਾ ਨੂੰ ਮਜਬੂਤ ਕਰਨ ਅਤੇ ਅਮਰੀਕੀ ਧੋਸਾਂ ਅਤੇ ਇਲਾਕਾਈ ਫੌਜੀ ਇਰਾਦਿਆਂ ਦਾ ਮੁਕਾਬਲਾ ਕਰਨ।


## ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ

ਭਾਰਤ, ਪਾਕਿਸਤਾਨ, ਫੀਜੀ ਲੰਡਨ, ਸ਼੍ਰੀ ਲੰਕਾ, ਫਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ। ਜੇਕਰ ਤੁਸੀਂ ਲੰਡਨ ਠਹਿਰ ਕੇ ਵੀ ਜਾਣਾ ਹੈ ਤਾਂ ਵੀ ਭਾਰ ਪੂਰਾ ਲਿਜਾ ਸਕਦੇ ਹੋ।



AUTHORIZED AGENTS FOR: • AIR CANADA • BRITISH AIRWAYS • CANADIAN PACIFIC AIRLINES • CATHAY PACIFIC AIRWAYS • THAI INTERNATIONAL AIRWAYS & OTHER MAJOR AIRLINES.

**BAINS TRAVEL SERVICE**

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

CALL TOLL FREE **1-800-663-6699** (B.C. & ALBERTA)

# AMBIKA
## FOODS

5125 VICTORIA DR., VANCOUVER, B.C.
PH. (604) 327-0295

# ਸਪੈਸ਼ਲ ਸੇਲ

| | | | |
|---|---|---|---|
| ਲੂਣ ਵਾਲਾ ਮੱਖਣ<br>SALTED BUTTER<br>LB. $2.45<br>(WITH GROCERY) | ਦੁੱਧ<br>MILK<br>4 L. $2.99 | ਆਟਾ<br>ATTA<br>2x10 kg. $8.99 | ਪਾਪੜ<br>PAPAD<br>PCK. 79¢ |
| ਪਚਰੰਗਾ ਅਚਾਰ<br>PACHRANGA PICKLE<br>800 gm. tin 99¢ | CAN VEGETABLES<br>ਜਿਮੀਕੰਦ, ਕਰੇਲਾ<br>ਟੀਂਡਾ, ਪਾਤਰਾ<br>EA. TIN 79¢ | ਵੈਜੀਟੇਬਲ ਤੇਲ<br>VEGETABLE OIL<br>3 L. $1.99 | ਸਨਫਲਾਵਰ ਤੇਲ<br>SUNFLOWER OIL<br>3 L. $2.99 |
| ਤਾਜ਼ਾ ਚਿਕਨ ਲੈਗਜ਼<br>FRESH CHICKEN LEGS<br>LB. 99¢ | ਮਾਂਹ, ਮੂੰਗੀ, ਚਨਾ ਦਾਲ<br>ਕਾਲੇ ਛੋਲੇ<br>Manh, Moongi, Chana Daal<br>Black Chana<br>LB. 29¢ | ਲੈਂਬ ਚੌਪਸ<br>LAMB CHOPS<br>LB. 99¢ | ਮਾਰਜਰੀਨ<br>MARGARINE<br>LB. 49¢ |
| ਰੂਹ ਅਫਜ਼ਾ<br>ROOH AFZA<br>BOTTLE $1.99 | ਬਾਸਮਤੀ ਚੌਲ<br>BASMATI RICE<br>LB. 59¢ | ਖੰਡ<br>SUGAR<br>10 kg. $4.99 | ਹਾਲੋਂ<br>HALON<br>LB. 99¢ |
| ਲੌਂਗ ਗਰੇਨ ਚੌਲ<br>LONG GRAIN RICE<br>10 kg. $3.99 | ਲੌਂਗ ਗਰੇਨ ਚੌਲ<br>LONG GRAIN RICE<br>20 kg. $7.99 | ਸਟੇਨਲੈਸ ਸਟੀਲ ਦੇ ਵੱਡੇ ਗਲਾਸ<br>STAINLESS STEEL BIG GLASS<br>EA. $1.35<br>BIG KATORI<br>LB. $1.99 | ਅਲੂਮੀਨਮ ਤੇ ਸਟੇਨਲੈਸ<br>ਸਟੀਲ ਦੇ ਭਾਂਡੇ ਤੇ ਪੈਨ<br>(POTS & PANS)<br>50% OFF |

RECORD L.P.
99¢
(WITH PURCHASE OF GROCERY)

GRIND YOUR OWN MASALA
HALDI, MIRCH, METHE, DHANIA
ਹਲਦੀ, ਮਿਰਚਾਂ, ਮੇਥੇ, ਧਨੀਆ,
99¢ LB.

WE RESERVE THE RIGHT TO LIMIT QUANTITIES
THE PRICES ARE SUBJECT TO CHANGE WITHOUT NOTICE

# ਕਵੀ ਤੇ ਕਵਿਤਾ— ਸ਼ਹੀਦ-ਕਵੀ, ਮੂਸਾ ਜਾਲੀਲ

ਮੂਸਾ ਜਾਲੀਲ ਦਾ ਨਾਂ ਲੈਂਦਿਆਂ ਪੰਜਾਬੀ ਕਵੀ ਡਾ. ਦੀਵਾਨ ਸਿੰਘ ਕਾਲੇ-ਪਾਣੀ, ਚੈੱਕ ਲੇਖਕ ਜੂਲੀਅਸ ਫੀਊਚਕ, ਅੰਗਰੇਜ਼ੀ ਦੇ ਪ੍ਰਥਮ ਮਾਰਕਸਵਾਦੀ ਸਾਹਿਤ ਆਲੋਚਕ ਕ੍ਰਿਸਟਾਫਰ ਕਾਡਵੈੱਲ, ਤੇ ਰੇਲਫ ਫਾਕਸ ਆਦਿ ਸ਼ਹੀਦ-ਲੇਖਕਾਂ ਦੇ ਨਾਂ ਯਾਦ ਆ ਜਾਂਦੇ ਹਨ। ਉਹ ਰਚਨਾ ਤੇ ਜੀਵਨ, ਸਿਧਾਂਤ ਤੇ ਅਮਲ ਦੀ ਏਕਤਾ ਦਾ ਮਹਾਨ ਪਰਚਮ ਉੱਚਾ ਚੁੱਕੀ,ਆਜ਼ਾਦੀ ਬਰਾਬਰੀ ਤੇ ਮਨੁੱਖੀ ਹੱਕਾਂ ਲਈ ਲੜਨ ਵਾਲੇ ਜੁਝਾਰ ਲੋਕਾਂ ਲਈ ਇਕ ਮਿਸ਼ਾਲ ਰੋਸ਼ਨ ਕਰ ਗਿਆ ਹੈ।

ਮੂਸਾ ਜਾਲੀਲ ਦਾ ਜਨਮ 1906 ਵਿਚ ਓਰਨਬਰਗ ਗੁਬਰਨੀਆਂ ਦੇ ਇਲਾਕੇ ਦੇ ਪਿੰਡ ਮੁਸਤਾਫਾ ਵਿਚ ਹੋਇਆ ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਵਿਚੋਂ ਪ੍ਰਾਪਤ ਕਰਕੇ ਓਰਨਬਰਗ ਦੇ ਮਦਰਸੇ 'ਹੁਸਾ-ਨੀਆ' 'ਚ ਦਾਖਲ ਹੋ ਗਿਆ। ਉਚੇਰੀ ਸਿਖਿਆ ਮਾਸਕੋ ਦੀ ਸਟੇਟ ਯੂਨੀਵਰਸਿਟੀ ਤੋਂ 1931 ਵਿਚ ਮੁਕੰਮਲ ਕੀਤੀ।

ਮੂਸਾ ਜਾਲੀਲ ਤਾਤਾਰ-ਬਸ਼ਕੀਰ ਇਲਾਕੇ ਦੀ ਯੰਗ ਕਮਿਊਨਿਸਟ ਲੀਗ ਦੀ ਕੇਂਦਰੀ ਕਮੇਟੀ ਵਿਚ ਕੰਮ ਕਰਦਾ ਰਿਹਾ ਅਤੇ ਬਚਿਆਂ ਦੇ ਦੋ ਮਾਸਕ-ਪੱਤਰਾਂ ਦਾ ਸੰਪਾਦਨ ਕਰਦਾ ਸੀ,ਉਸ ਨੇ ਤਾਤਾਰ ਸਟੇਟ ਥੀਏਟਰ ਵਲੋਂ ਉਪੇਰਾ ਤੇ ਬੈਲੇਟ ਨੂੰ ਜਥੇਬੰਦ ਕਰਨ ਵਿਚ ਹਿੱਸਾ ਪਾਇਆ। ਜੰਗ ਵਿਚ ਜਾਣ ਤੋਂ ਪਹਿਲਾਂ ਉਹ ਕਵਿ-ਤਾਵਾਂ ਦੇ ਕਈ ਸੰਗ੍ਰਹਿ ਛਪਵਾ ਚੁੱਕਾ ਸੀ ਅਤੇ ਦੂਸਰੀ ਸੰਸਾਰ ਜੰਗ ਦੇ ਆਰੰਭ ਸਮੇਂ ਉਹ ਤਾਤਾਰ ਲੇਖਕ ਯੂਨੀਅਨ ਦਾ ਪ੍ਰਧਾਨ ਸੀ ਉਹ ਜੰਗ ਦੇ ਪਹਿਲੇ ਦਿਨ ਹੀ ਫੌਜ ਵਿਚ ਭਰਤੀ ਹੋ ਗਿਆ। 1942 ਵਿਚ ਉਹ ਗੰਭੀਰ ਰੂਪ ਵਿਚ ਜ਼ਖਮੀ ਹੋਣ ਕਾਰਨ ਕੈਦੀ ਬਣਾ ਲਿਆ ਗਿਆ। ਬੰਦੀ ਕੈਂਪ ਵਿਚ ਵੀ ਉਹ ਗੁਪਤ ਕੰਮ ਕਰਦਾ ਰਿਹਾ, ਜਿਸ ਦੇ ਸਿਟੇ ਵਜੋਂ 'ਮਾਓਬਿਤ' ਦੇ ਬੰਦੀ ਕੈਂਪ ਵਿਚ ਸੁੱਟ ਦਿਤਾ ਗਿਆ। ਬੰਦੀ ਜੀਵਨ ਸਮੇਂ ਉਸ ਨੇ ਢੇਰ ਸਾਰੀਆਂ ਕਵਿਤਾਵਾਂ ਲਿਖੀਆਂ, ਜਿਹਨਾਂ ਸਦਕਾ ਉਸ ਦੀ ਪ੍ਰਸਿੱਧੀ ਸੋਵੀਅਤ ਯੂਨੀਅਨ ਦੀਆਂ ਹੱਦਾਂ ਤੋਂ ਪਾਰ ਜਾ ਚੁੱਕੀ ਹੈ। 1944 ਵਿਚ ਉਸ ਨੂੰ ਗੋਲੀ ਮਾਰ ਦਿਤੀ ਗਈ।

ਅੱਜ ਉਸ ਦੀਆਂ ਰਚਨਾਵਾਂ ਲੱਖਾਂ ਦੀ ਗਿਣਤੀ ਵਿਚ ਛਪਦੀਆਂ ਤੇ ਵਿਕ-ਦੀਆਂ ਹਨ। ਜੇਲ੍ਹ ਜੀਵਨ ਸਮੇਂ ਉਸ ਦੀਆਂ ਕਵਿਤਾਵਾਂ ਦੀਆਂ ਕਾਪੀਆ ਵੀ ਅਸਚਰਜ ਜਨਕ ਢੰਗ ਨਾਲ ਸਰਕਾਰ ਦੇ ਹੱਥ ਲੱਗੀਆਂ। ਲਾਲ ਫੌਜ ਦੇ ਸਿਪਾ-ਹੀਆਂ ਨੇ ਜਦੋਂ ਇਸ ਬੰਦੀ-ਕੈਂਪ ਤੇਕਬਜ਼ਾ ਕੀਤਾ ਤਾਂ ਇਕ ਸਿਪਾਹੀ ਨੂੰ ਜਾਲੀਲ ਦੀਆਂ ਕਵਿਤਾਵਾਂ ਦੇ ਕੁਝ ਖਿੰਡੇ ਹੋਏ ਵਰਕੇ ਤੇ ਇਕ ਕਾਪੀ ਹੱਥ ਲੱਗੀ। ਦੂਸਰੀ ਕਾਪੀ ਉਸ ਦੇ ਬੰਦੀ-ਕੈਂਪ ਦੇ ਇਕਬਦੇਸ਼ੀ ਸਾਥੀ ਨੇ ਸੋਵੀਅਤ ਲੇਖਕ ਸੰਘ ਨੂੰ ਜੰਗ ਖਤਮ ਹੋਣ ਤੋਂ ਬਾਅਦ ਪਹੁੰਚਾਈ।

ਮਰਨ ਉਪਰੰਤ ਉਸ ਨੂੰ ਰੂਸ ਦੇ ਸਭ ਤੋਂ ਉਚੇ ਸਨਮਾਨ ਪ੍ਰਦਾਨ ਕੀਤੇ ਗਏ। ਨਿੱਜੀ ਸੂਰਮਤਾਈ ਬਦਲੇ ਹੀਰੋ ਆਫ ਦਾ ਸੋਵੀਅਤ ਯੂਨੀਅਨ ਅਤੇ ਜੇਲ੍ਹ-ਜੀਵਨ ਸਮੇਂ ਲਿਖੀਆਂ ਕਵਿਤਾਵਾਂ ਬਦਲੇ ਸਾਹਿਤ ਦਾ ਲੈਨਿਨ ਇਨਾਮ ਦਿਤਾ ਗਿਆ।

ਬੰਦੀ-ਜੀਵਨ ਸਮੇਂ, ਝੱਲੇ ਤਸੀ-ਹਿਆਂ ਦੀ ਵਾਰਤਾ ਸਾਨੂੰ ਦੀਵਾਨ ਸਿੰਘ ਕਾਲੇਪਾਣੀ ਦੇ ਆਖਰੀ ਦਿਨਾਂ ਦੀ ਯਾਦ ਤਾਜ਼ਾ ਕਰਵਾ ਦਿੰਦੀ ਹੈ। ਕਈ ਕਈ ਦਿਨ ਤੇ ਰਾਤਾਂ ਉਸ ਨੂੰ ਤਸੀਹੇ ਦਿਤੇ ਜਾਂਦੇ ਰਹੇ ਤੇ ਉਸ ਦਾ ਕੋਈ ਅੰਗ ਵੀ ਸਬੂਤਾ ਨਹੀਂ ਸੀ ਰਹਿਣ ਦਿਤਾ ਗਿਆ। ਨਾਜ਼ੀ ਬੁੱਚੜਾਂ ਨੇ ਉਸ ਦੀਆਂ ਉਂਗਲਾਂ ਵੀ ਤੋੜ ਦਿਤੀਆਂ ਸਨ। ਸੁੱਜੀਆਂ ਤੇ ਆਕੜੀਆਂ ਹੋਈਆਂ ਉਂਗਲਾਂ ਨਾਲ ਵੀ ਉਹ ਕਵਿਤਾਵਾਂ ਲਿਖਦਾ ਰਿਹਾ। ਤਾਤਾਰ ਇਲਾਕਾਈ ਭਾਸ਼ਾ ਦੇ ਇਸ ਸੂਰਮੇਂ ਕਵੀ ਦਾ ਨਾਂ ਸੰਸਾਰ ਦੇ ਸੂਰਮੇ ਲੇਖਕਾਂ ਦੇ ਨਾਵਾਂ ਨਾਲ ਜਾ ਜੁੜਿਆ ਹੈ ਤੇ ਉਸਦੀਆਂ ਕਵਿਤਾਵਾਂ ਸੰਸਾਰ ਦੇ ਬੰਦੀ-ਕਾਵਿ ਵਿਚ ਉੱਚਾ ਤੇ ਮਾਣ-ਭਰਿਆ ਸਥਾਨ ਰੱਖਦੀਆਂ ਹਨ।

ਪੰਜਾਬੀ ਵਿਚ ਉਸ ਦੀਆਂ ਕੁਝ ਕਵਿਤਾਵਾਂ ਨਮੂਨੇ ਵਜੋਂ ਪਹਿਲੀ ਵਾਰ ਪੇਸ਼ ਕੀਤੀਆਂ ਜਾ ਰਹੀਆਂ ਹਨ।

—ਹਰਭਜਨ ਸਿੰਘ ਹੁੰਦਲ

## ਮੂਸਾ ਜਾਲੀਲ ਦੀਆਂ ਪੰਜ ਕਵਿਤਾਵਾਂ

### ਮੂਲ ਨਾ ਮੰਨੀਂ

ਮੇਰੇ ਬਾਰੇ  
ਜੇ ਉਹ ਬੁਰੀਆਂ ਖਬਰਾਂ ਲੈਕੇ  
ਤੇਰੇ ਕੋਲ ਬੈਠ ਕੇ ਆਖਣ,  
"ਥੱਕ ਗਿਆ ਹੈ  
ਹਾਰ ਗਿਆ ਹੈ  
ਡਿੱਗ ਪਿਆ ਹੈ"  
ਮੂਲ ਨਾ ਮੰਨੀਂ. ਮੂਲ ਨਾ ਮੰਨੀਂ।

ਮੇਰੇ ਉਤੇ ਜਿਨ੍ਹਾਂ ਨੂੰ ਵਿਸ਼ਵਾਸ ਬੜਾ ਹੈ  
ਏਸ ਤਰ੍ਹਾਂ ਦੀ ਗੱਲ ਕਦੋਂ ਉਹ ਮੰਨਣਗੇ।

ਜਿਸ ਝੰਡੇ ਦੀ ਰਾਖੀ ਦੀ ਮੈਂ  
ਸਹੁੰ ਚੁੱਕੀ ਸੀ  
ਮੈਨੂੰ ਰੋਜ਼ ਥਾਪੀਆਂ ਦੇਵੇ  
ਸ਼ਕਤੀ ਤੇ ਉਤਸ਼ਾਹ ਦਾ ਸਿਰ ਤੇ ਹੱਥ ਕਰੇ  
ਦੱਸੋ ਕਿੰਝ ਭਲਾ ਇਹ ਮੈਨੂੰ  
ਥੱਕ ਜਾਵਣ ਜਾਂ, ਬਹਿ ਜਾਵਣ ਦਾ  
ਹੱਕ ਦੇਵੇਗਾ  
ਡਿੱਗੇ ਹੋਏ ਨੂੰ ਉੱਠਣ ਤੋਂ ਰੋਕੇਗਾ?

ਜੇ ਉਹ ਫਿਰ ਵੀ ਆ ਕੇ ਦੱਸਣ  
ਝੂਠੀ ਕੋਈ ਖਬਰ ਫੈਲਾਵਣ  
ਮੇਰੇ ਉਤੇ ਊਜਾਂ ਲਾਵਣ  
ਮੂਲ ਨਾ ਮੰਨੀਂ, ਮੂਲ ਨਾ ਮੰਨੀਂ।

ਮੇਰੇ ਮਿੱਤਰ, ਸੰਗੀ-ਸਾਥੀ  
ਏਸ ਤਰ੍ਹਾਂ ਦੀ ਗੱਲ ਕਦੇ ਨਾ ਮੂੰਹੋਂ ਕੱਢਣ।

ਮੈਂ ਆਪਣੀ ਬੰਦੂਕ ਉਠਾਈ  
ਤੇ ਜੰਗ ਜਿੱਤਣ ਦੀ ਸਹੁੰ ਖਾਧੀ  
ਤੇਰੀ ਖਾਤਰ  
ਆਪਣੇ ਵਤਨ ਪਿਆਰੇ ਦੇ ਲਈ  
ਲੜਦੇ ਰਹਿਣਾ  
ਪੈਰ ਪੈਰ ਤੇ ਲੜਦੇ ਰਹਿਣਾ  
ਤੂੰ ਹੀ ਦੱਸ ਭਲਾ ਮੈਂ ਤੈਨੂੰ  
ਕਿਦਾਂ ਧੋਖਾ ਦੇ ਸਕਦਾ ਹਾਂ  
ਆਪਣਾ ਦੇਸ ਭਲਾ ਕਿੰਝ ਵੇਚੂੰ  
ਜੇ ਮੈਂ ਇੰਝ ਕਰਾਂਗਾ ਪਿਆਰੀ  
ਰਹਿਣੀ ਹੁੰਦੀ ਨਿੱਤ ਖੁਮਾਰੀ  
ਜੇ ਉਹ ਫਿਰ ਵੀ ਮੇਰੇ ਬਾਰੇ  
ਕੋਈ ਮਾੜੀ ਖਬਰ ਸੁਣਾਵਣ  
ਤੇ ਤੈਨੂੰ ਆ ਦੱਸਣ;  
'ਮੂਸਾ' ਤਾਂ ਮਰ-ਮੁੱਕ ਗਿਆ ਹੈ  
ਮੂਲ ਨਾ ਮੰਨੀਂ, ਮੂਲ ਨਾ ਮੰਨੀਂ।

ਮੇਰੇ ਮਿੱਤਰ, ਸੰਗੀ ਸਾਥੀ,  
ਮੇਰੇ ਬਾਰੇ ਕਿੰਝ ਬੁਰਾ ਕਹਿ ਸਕਦੇ ਨੇ  
ਮੈਂ ਮਿੱਟੀ ਵਿਚ ਮਿੱਟੀ ਹੋ ਕੇ  
ਮੁੱਕ ਸਕਦਾ ਹਾਂ  
ਐਪਰ ਗੀਤ ਕਦੇ ਨਾ ਮਰਦੇ  
ਮਰਕੇ ਵੀ ਨੇ ਚਾਨਣ ਕਰਦੇ  
ਜਿਹੜਾ ਬੰਦਾ ਲੜਦਾ ਰਹਿੰਦਾ  
ਪੈਰ ਪੈਰ ਤੇ ਅੜਦਾ ਰਹਿੰਦਾ  
ਕਦੋਂ ਭਲਾ ਮਰ ਸਕਦਾ ਹੈ ?  
ਮੌਤ-ਨਦੀ ਵੀ ਤਰ ਸਕਦਾ ਹੈ।  
(20 ਨਵੰਬਰ 1943)

### ਆਖਰੀ ਗੀਤ

ਕਿੰਨੀ ਵਿਸ਼ਾਲ ਹੈਂ ਧਰਤੀ  
ਮੋਕਲੀ ਤੇ ਸੁਹਣੀ  
ਤੇ ਮੇਰੀ ਜੇਲ੍ਹ  
ਹਨੇਰੀ ਤੇ ਸੜਿਹਾਂਦ ਭਰੀ  
ਪੰਛੀ ਆਕਾਸ਼ ਵਿਚ ਉੱਚਾ  
ਹੋਰ ਉੱਚਾ ਉੱਡਦਾ ਹੈ  
ਤੇ ਮੈਂ  
ਜਕੜੇ ਹੋਏ ਹੱਥਾਂ ਨਾਲ  
ਫਰਸ਼ ਤੇ ਲੇਟਿਆ ਹੋਇਆ ਹਾਂ  
ਫੁੱਲ ਆਜ਼ਾਦੀ ਨਾਲ ਉੱਗਦਾ ਹੈ  
ਖੁਸ਼ਬੂ ਵੰਡਦਾ ਹੈ  
ਤੇ ਮੈਂ ?  
ਜੇਲ੍ਹ ਵਿਚ ਬੈਠ ਝੁਰਦਾ ਹਾਂ

ਸਾਹ ਰੁਕਦਾ ਹੈ
ਜੀਵਨ ਦੀ ਜੇਤੂ ਸ਼ਕਤੀ।
ਮੈਨੂੰ ਪਤਾ ਹੈ ਜੀਵਨ ਕਿੰਨਾ ਮਿੱਠਾ ਹੈ
ਮੈਂ ਜੇਲ੍ਹ ਵਿਚ ਮਰ ਚੱਲਿਆ ਹਾਂ
ਤੇ ਮੇਰਾ ਆਖਰੀ ਗੀਤ ਪੇਸ਼ ਹੈ।

(ਅਗਸਤ 1943)

## ਦੋਸ਼ੀ ਮਨੁੱਖ

ਅੱਜ ਉਹ ਅਖੀਰੀ ਹੁਕਮ ਲਿਖਣ ਲਈ
ਸ਼ਬਦ ਜੋੜ ਰਹੇ ਹਨ,
ਤੇ ਉਸ ਦੀ ਸਜ਼ਾ ਮੌਤ ਹੈ
ਜਿਨ੍ਹਾਂ ਅੱਥਰੂਆਂ ਨਾਲ
ਉਹਦੀ ਛਾਤੀ ਭਰੀ ਹੋਈ ਸੀ,
ਸੁੱਕ ਗਏ,
ਉਹਨੂੰ ਗਮ ਵਿਚ ਰੋਣਾ ਭੁੱਲ ਗਿਆ,
ਕਾਲ-ਕੋਠੜੀ ਚੁੱਪ ਸੀ
ਸਾਰੀ ਰਾਤ ਅਕਾਸ਼ ਫੈਲਿਆ ਰਿਹਾ
ਪੂਰਾ ਚੰਦ ਉਦਾਸੀ ਵਿਚ ਝਕਦਾ ਸੀ
ਬਦਕਿਸਮਤ ਬੈਠਾ ਸੀ,
ਗਾਉਂਦਾ ਹੋਇਆ
ਕਿ ਉਸ ਦੇ ਪਿੱਛੋਂ
ਉਹਦਾ ਨਿੱਕਾ ਬੱਚਾ ਯਤੀਮ ਹੋ ਜਾਵੇਗਾ।

(ਸਤੰਬਰ 1943)

## ਕਾਤਲ ਨੂੰ !

(ਰੂਸੀ, ਤਾਤਾਰ, ਕਵੀ)

ਮੇਰੇ ਕਾਤਲ ! ਤੇਰੇ ਅੱਗੇ
ਮੈਂ ਗੋਡੇ ਨਹੀਂ ਟੇਕਾਂਗਾ
ਕੀ ਹੋਇਆ ਜੇ ਬੰਦੀ-ਖਾਨੇ
ਤੂੰ ਮਾਲਕ, ਮੈਂ ਬਰਦਾ ਹਾਂ।
ਅੰਤਮ ਵੇਲੇ
ਅੜਿਆ ਅਤੇ ਜੂਝਦਾ ਹੋਇਆ
ਤੁਰ ਜਾਵਾਂਗਾ
ਬੇਸ਼ੱਕ ਮੇਰਾ, ਨਾਲ ਕਟਾਰੀ
ਧੜ ਉਤੋਂ ਸਿਰ ਵੀ ਲਾਹ ਦੇਵੇ।

ਜੇ ਮੈਨੂੰ ਅਫਸੋਸ ਹੈ ਕੋਈ
ਤਾਂ ਇੱਕੋ ਹੈ
ਲੜਦੇ ਲੜਦੇ, ਤੇਰੇ ਵਰਗੇ
ਜੋ ਮਾਰੇ. ਤਾਂ ਥੋਹੜੇ ਮਾਰੇ,
ਕਾਸ਼ ਕਿਤੇ ਮੈਂ ਮਰਨੋਂ ਪਹਿਲਾਂ
ਸੈਂਕੜੇ ਨਹੀਂ ਹਜ਼ਾਰਾਂ ਮਾਰੇ ਹੁੰਦੇ।

ਮੇਰੀ ਮਾਤਰ-ਭੂਮੀਂ।
ਜੇ ਮੈਂ ਵਾਪਸ ਮੁੜ ਆਇਆ ਤਾਂ
ਉੱਤੇ
ਸੁਰਖ ਲਹੂ ਦੇ ਦਾਗ ਪਏ ਨੇ
ਪਰ ਮੇਰਾ ਦਿਲ ਦਏ ਗਵਾਹੀ,
ਤੇਰੀ ਦਿੱਤੀ ਪਿਆਰ-ਨਿਸ਼ਾਨੀ
ਦੀ ਬੇ-ਅਦਬੀ

ਹੋਣ ਨਾ ਦਿੱਤੀ।

(ਜੁਲਾਈ 1942)

# ਲੰਘ ਆ !

ਦਰਸ਼ਨ ਸਿੰਘ ਮਾਸਟਰ

ਖੌਫ ਕਾਹਦਾ ਫਿਕਰ ਕਾਹਦਾ !
ਸ਼ੰਕਿਆਂ ਦਾ ਜ਼ਿਕਰ ਕਾਹਦਾ !
ਭੁੱਲ ਜਾਂ ਸ਼ਿਕਵੇ ਸ਼ਕੈਤਾਂ
ਤੁਹਮਤਾਂ ਦਾ ਅਸਰ ਕਾਹਦਾ !
ਨਾ ਕਰ ਜ਼ਰਾ ਵੀ ਤੌਖਲਾ
ਨਾ ਹਾਰ ਹਿੰਮਤ ਹੌਂਸਲਾ
ਘਰ ਬਾਰ ਤੇਰਾ ਆਪ ਆਪਦਾ
ਕੀਕਣ ਬਗਾਨਾ ਜਾਪਦਾ ?
ਦੋਸਤੀ ਦੀ ਸੜਕ ਹੋਕੇ
ਲੰਘ ਆ ਬੇਧੜਕ ਹੋਕੇ
ਏਥੇ ਚੁਗਿਰਦਾ ਸਾਫ ਹੈ
ਬੇਦਾਗ ਹਿਰਦਾ ਸਾਫ ਹੈ
ਲੰਘ ਆ 'ਵਾਰਸ' ਪੁਕਾਰੇ
'ਰਾਂਝਣਾ' ਬਾਹਾਂ ਪਸਾਰੇ
ਲੰਘ ਆ......
'ਸੰਸਾਰ ਚੰਦਾ' ਲੰਘ ਆ
'ਬੇਕਾਰ ਚੰਦਾ' ਲੰਘ ਆ
ਬੀਮਾਰ ਚੰਦਾ' ਲੰਘ ਆ
'ਖੁਸ਼ਵੀਰ ਸਿੰਘਾ' ਲੰਘ ਆ
'ਦਿਲਗੀਰ ਸਿੰਘਾ' ਲੰਘ ਆ

ਮੇਰੇ ਅਜ਼ੀਜ਼ਾ ਲੰਘ ਆ
ਦਿਲ ਦੇ ਮਰੀਜ਼ਾ ਲੰਘ ਆ
ਨਸਦਾ ਨਸਾਂਦਾ ਲੰਘ ਆ
ਤਰਸ਼ੂਲ ਜਾਂ ਕਰਪਾਨ ਦਾ
ਨਹੀਂ ਹੌਂਸਲਾ ਸ਼ੈਤਾਨ ਦਾ
ਰਾਹ ਰੋਕ ਲਏ ਮਹਿਮਾਨ ਦਾ
ਕੰਧਾਂ ਬਰੂਹਾਂ ਸਾਂਝੀਆਂ
ਸੱਥਾਂ ਤੇ ਜੂਹਾਂ ਸਾਂਝੀਆਂ
ਲੰਘ ਆ ਅੱਖਾਂ ਦੇ ਤਾਰੇ
ਲੰਘ ਆ ਮਿੱਤਰ ਪਿਆਰੇ
ਲੰਘ ਆ......

———

ਪੇਟ ਦਾ ਸਾਰਾ ਝਮੇਲਾ
ਪਾਸ ਨਹੀਂ ਯਾਰਾਂ ਦੇ ਧੇਲਾ
ਦੱਖ ਕੀ ਦੇਵੇਗਾ ਮੇਲਾ !
ਲੰਘ ਆ ਰੋਟੀ ਦਾ ਵੇਲਾ
ਛਕੀਏ ਛਕਾਈਏ ਆ
ਭਈ ਡੰਜ ਲਾਹੀਏ
ਤੇ ਗਮ ਭੁਲਾਈਏ ਲੰਘ
ਨੇੜੇ ਵਸਾਖੀ ਆ ਰਹੀ

ਮੇਲੇ ਨੂੰ ਕਰਦਾ ਜੀ ਬੜਾ
ਬੇਗਾਨਗੀ ਦਾ ਮਾਰਿਆ
ਮੈਂ ਬੁੱਤ ਬਣਿਆ ਹਾਂ ਖੜਾ
ਕਰ ਯਾਰ ਛੇਤੀ ਬਾਂਹ ਫੜਾ
ਜਾਈਏ ਦਮਾਮੇ ਮਾਰਦੇ
ਕੁਝ ਆਰ ਦੇ ਕੁਝ ਪਾਰ ਦੇ
ਬੇਲੀ ਇਕੱਠੇ ਚੱਲੀਏ
ਪਿੜ ਭੰਗੜੇ ਦਾ ਮੱਲੀਏ
ਗਮ ਭੁਲਕੇ ਸੰਸਾਰ ਦੇ
ਸ਼ਾਮਾਂ ਨੂੰ ਮੁੜੀਏ ਇਸਤਰਾਂ
ਜਿਉਂ ਫੁਲ ਗੁੰਦੇ ਹਾਰ ਦੇ
ਤੋੜਕੇ ਸਾਰੇ ਕਿਨਾਰੇ
ਲੰਘ ਆ ਉਲਫਤ ਦੇ ਧਾਰੇ
ਲੰਘ ਆ, ਲਾਲੋ ਦੇ ਦਾਰੇ
ਲੰਘ ਆ......
ਬੱਦਲ ਨੇ ਗੂਹੜੇ ਲੰਘ ਆ
ਪੱਕੇ ਨੇ ਪੂੜੇ ਲੰਘ ਆ
ਢੋਲੀ ਨੇ ਲਾਇਆ ਏ ਡਗਾ
ਚੜ੍ਹਿਆ ਜਵਾਨੀ ਨੂੰ ਨਸ਼ਾ
ਅਲਗੋਜ਼ਿਆਂ ਦੀ ਆ ਰਹੀ
ਮਿੱਠੀ ਸੁਰੀਲੀ ਹੈ ਸਦਾਅ
ਗਿੱਧੇ ਦਾ ਪੂਰਾ ਜ਼ੋਰ ਹੈ
ਪੰਜੇਬ ਪੌਂਦੀ ਸ਼ੋਰ ਹੈ
ਨੱਢੀ ਨੂੰ ਆਇਆ ਲੋਰ ਹੈ
ਉਧਰ ਜਵਾਨਾਂ ਛਿੰਜ ਵਿਚ
ਇਕ ਰੰਗ ਬੱਧਾ ਹੋਰ ਹੈ
ਪ੍ਰਨਾਮ ਕੀਤਾ ਧਰਤ ਨੂੰ
ਤੇ ਦਸਤਪੰਜਾ ਥੇ ਲਿਆ
ਕਿਹੜੇ ਨੇ ਕੀਹਨੂੰ ਢਾਹ ਲਿਆ
ਨਾ ਫਰਕ ਕੋਈ ਏ ਪਿਆ
ਕੀ ਜਿੱਤਿਆ ਕੀ ਹਾਰਿਆ
ਬਸ ਮੁਸਕਰਾਂਦਾ ਉਠ ਪਿਆ
ਤਹਿਜ਼ੀਬ ਸਹਿਨਸ਼ੀਲਤਾ
ਇਹ ਹਿੰਮਤਾਂ ਇਹ ਹੌਂਸਲਾ !
ਮੰਜ਼ਰ ਹੈ ਕਿੰਨਾ ਖੁਸ਼ਨੁਮਾ !!
ਪੀਂਘਾਂ-ਹੁਲਾਰੇ ਲੰਘ ਆ
ਸਾਵਣ-ਨਜ਼ਾਰੇ ਲੰਘ ਆ
ਲੰਘ ਆ ਪਈ ਲੰਘ ਆ
ਖੁਲ੍ਹ ਦਵਾਰੇ ਲੰਘ ਆ

## ਸੁਗਾਤ

(ਬੰਦੀ-ਜੀਵਨ ਸਮੇਂ ਦੇ ਬੈਲਜੀਅਨ ਮਿੱਤਰ 'ਅਦਾਰੇ' ਦੇ ਨਾਂ)

ਉਹ ਦਿਨ ਕਿੱਥੋਂ ਫੜ ਕੇ, ਵਾਪਸ ਮੋੜ ਲਿਆਵਾਂ
ਜਦ ਧਰਤੀ ਸੀ ਫੁੱਲਾਂ ਲੱਦੀ, ਖੁਸ਼ਬੂਦਾਰ ਹਵਾਵਾਂ
ਜੰਮਣ-ਭੋਂ ਦੇ ਫੁੱਲ ਤੋੜ ਕੇ, ਤੇਰੀ ਝੋਲੀ ਭਰਾਂ
ਦਿਲ ਦਾ ਟੁੱਕੜਾ, ਫੁੱਲ ਗੁਲਾਬੀ, ਤੈਨੂੰ ਪੇਸ਼ ਕਰਾਂ।

ਪਰ ਹੁਣ ਕੁਝ ਨਹੀਂ ਕੋਲ ਅਸਾਡੇ, ਝੁੱਲੀ ਜੰਗ-ਹਨੇਰੀ
ਜੰਮਣ-ਭੋਂ ਗੁਲਾਮੀ ਕੱਟੇ, ਕੀ ਤੇਰੀ, ਕੀ ਮੇਰੀ।
ਫੁੱਲ ਮੁਰਝਾਏ ਤੇ ਝੜ ਚੁਕੇ, ਕਿਸ ਦੀਆਂ ਮੰਗੀਏ ਖੈਰਾਂ
ਨਾ ਵੱਸਦੇ ਘਰ, ਨਾ ਆਜ਼ਾਦੀ, ਨਾ ਬਾਗਾਂ ਦੀਆਂ ਸੈਰਾਂ।

ਮੇਰੇ ਕੋਲ ਬਚੇ ਨੇ ਬਾਕੀ, ਗੀਤ ਸੁਰੀਲੇ ਮੇਰੇ
ਬਚੀ ਕਲਪਣ-ਦੇਵੀ, ਜਿਹੜੀ, ਆਵੇ ਸੰਝ ਸਵੇਰੇ
ਦਿਲ ਦੇ ਬਾਗ ਖਿੜੇ ਨੇ ਮੇਰੇ, ਸੁਚੇ ਗੀਤ ਹਜ਼ਾਰਾਂ
ਏਹੋ ਇਕ ਨਿਸ਼ਾਨੀ ਮੇਰੀ. ਸਿਰ ਤੇਰੇ ਤੋਂ ਵਾਰਾਂ।

ਮਰ ਜਾਂਦੇ ਨੇ ਮਾਰਨ ਵਾਲੇ, ਗੀਤ ਕਦੇ ਨਾ ਮਰਦੇ
ਬੰਦੀ-ਖਾਨੇ ਦੇ ਵਿਚ ਬੈਠੇ, ਰੋਜ਼ ਤਸੀਹੇ ਜਰਦੇ
ਦੇਸ਼ ਮੇਰੇ ਨੂੰ ਦੱਸੀਂ ਜਾ ਕੇ, ਕੀਕਰ ਫਰਜ਼ ਨਿਭਾਇਆ
ਬੰਦੀ-ਖਾਨੇ ਵਿਚ ਵੀ ਸੂਹਾ, ਦਿਲ ਦਾ ਫੂਲ ਖਿੜਾਇਆ।

(1944)

# ਜ਼ਿੰਦਗੀ ਅਤੇ ਸਾਹਿਤ ਵਿਚ ਯਥਾਰਥਵਾਦ

ਐਮ. ਜ਼ਾਲੀਗਿਨ

ਅਸੀਂ ਅਦੁੱਤੀ ਸਮੇਂ ਵਿਚ ਰਹਿ ਰਹੇ ਹਾਂ। ਸੁਧਾਰ ਦੀ ਲੰਮੇ ਸਮੇਂ ਤੋਂ ਉਡੀਕੀ ਜਾ ਰਹੀ ਲੋੜ ਹੁਣ ਹਰੇਕ ਥਾਂ ਮਹਿਸੂਸ ਕੀਤੀ ਜਾ ਰਹੀ ਹੈ। ਹੋਰ ਇਕ ਹੋਰ ਜ਼ਰੂਰੀ ਗੱਲ ਬੀਤੇ ਅਤੇ ਵਰਤਮਾਨ ਦਾ ਯਥਾਰਥਕ ਮੁਲੰਕਣ ਹੈ। ਸਾਨੂੰ ਯਥਾਰਥਵਾਦੀ ਢੰਗ ਨਾਲ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਇੰਜ ਹੀ ਸੋਚਣਾ ਚਾਹੀਦਾ ਹੈ। ਜਿਵੇਂ ਮੈਂ ਸਮਝਦਾ ਹਾਂ, ਸੰਸਾਰ ਵਿਚ ਬਹੁਤੀਆਂ ਮੁਸ਼ਕਲਾਂ ਬਦੇਸ਼ ਅਤੇ ਘਰੇਲੂ ਰਾਜਨੀਤੀ ਦੇ ਅਯਥਾਰਥਕ ਮੁਲੰਕਣਾਂ ਕਰਕੇ ਅਤੇ ਉਹਨਾਂ ਝੂਠੇ ਸੰਕਲਪਾਂ, ਜਿਹੜੇ ਵਧੇਰੇ ਹੀ ਵਧੇਰੇ ਹਥਿਆਰ ਵਿਕਸਿਤ ਕਰਨ ਤੇ ਤਿਆਰ ਕਰਨ ਅਤੇ ਕੁਦਰਤ ਸਾਧਨ ਉਜਾੜਨ ਦੀ ਮੰਗ ਕਰਦੇ ਹਨ, ਦੀ ਬਹੁਤਾਤ ਕਰਕੇ ਹਨ।

ਜੋ ਜੋ ਕੁਝ ਅਸੀਂ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ 27 ਵੀਂ ਕਾਂਗਰਸ ਵਿਖੇ ਸੁਣਿਆ, ਉਹ ਆਸ ਬੰਨ੍ਹਾਉਂਦਾ ਹੈ। ਕਾਂਗਰਸ ਵਲੋਂ ਸਾਡੇ ਸਾਹਮਣੇ ਪੇਸ਼ ਕੀਤੇ ਗਏ ਆਧਾਰ-ਭਾਵ ਗੰਭੀਰ ਅਤੇ ਯਥਾਰਥਕ ਹਨ। ਉਹ ਸਾਡੇ ਸਾਹਮਣੇ ਇਕ-ਇਕ ਸੇਧ ਨਿਸਚਿਤ ਕਰਦੇ ਹਨ ਜਿਹੜੇ ਵਿਚ ਮਨੁੱਖਜਾਤੀ ਲਈ ਸੰਭਾਵਨਾਵਾਂ ਲਾਭਦਾਇਕ ਅਤੇ ਇਥੋਂ ਤਕ ਕਿ ਜ਼ਰੂਰੀ ਹੋ ਸਕਦੀਆਂ ਹਨ। ਇਹ ਗੱਲ ਹੈ ਜੋ ਇਹਨਾਂ ਆਧਾਰ-ਭਾਵਾਂ ਨੂੰ ਏਨਾਂ ਲੁਭਾਉਣਾ ਬਣਾਉਂਦੀ ਹੈ।

ਭਵਿਖ ਵਰਤਮਾਨ ਦੇ ਏਨਾਂ ਨੇੜੇ ਕਦੇ ਵੀ ਨਹੀਂ ਆਇਆ ਜਿੰਨਾ ਅਜ ਹੈ। ਸੌ ਸਾਲ ਪਹਿਲਾਂ ਲੋਕ ਭਵਿਖ ਬਾਰੇ ਅਤਿਅੰਤ ਅਨਿਸਚਿਤ ਅਰਥਾਂ ਵਿਚ ਸੋਚਦੇ ਸਨ। ਹੁਣ ਵਿਗਿਆਨ ਅਤੇ ਤਕਨਾਲੋਜੀ ਦਾ ਸ਼ਕਤੀਸ਼ਾਲੀ ਹੰਭਲਾ ਇਹ ਗੱਲ ਸਪਸ਼ਟ ਰੂਪ ਵਿਚ ਨਿਸਚਿਤ ਕਰਦਾ ਹੈ ਕਿ ਭਲਕ ਕਿਹੋ ਜਿਹਾ ਹੋਵੇਗਾ। ਅਸੀਂ ਜੋ ਵੀ ਕਾਰਵਾਈ ਕਰਦੇ ਹਾਂ, ਉਹ ਵਡੀ ਕਾਰਵਾਈ, ਕਿਹਾ ਜਾ ਸਕਦਾ ਹੈ, ਵਿਸ਼ਵ ਵਿਆਪੀ ਕਾਰਵਾਈ ਹੁੰਦੀ ਹੈ। ਭਵਿਖੀ ਸਭਿਅਤਾ ਦੀਆਂ ਬੁਨਿਆਦਾਂ ਅਜ ਰਖੀਆਂ ਜਾ ਰਹੀਆਂ ਹਨ। ਇਸੇ ਕਰਕੇ ਅਸੀਂ ਸਾਲ 2000 ਦਾ ਫਿਕਰ ਅਜਿਹੇ ਯਕੀਨ ਨਾਲ ਕਰਦੇ ਹਾਂ।

ਪਹਿਲਾਂ ਕੋਈ ਵੀ ਦੋ ਦੇਸ਼ ਸਮਝੌਤੇ ਉਤੇ ਪਹੁੰਚ ਸਕਦੇ ਸਨ। ਅਜ ਇਹ ਗੱਲ ਅਹਿਮ ਤਾਂ ਹੈ, ਪਰ ਪੂਰੀ ਤਰ੍ਹਾਂ ਅਹਿਮ ਨਹੀਂ ਹੈ। ਮਹਾਂਦੀਪਾਂ ਨੂੰ ਸਮਝੌਤਿਆਂ ਉਤੇ ਪਹੁੰਚਣਾ ਚਾਹੀਦਾ ਹੈ। ਅਸੀਂ ਆਪਣੀਆਂ ਆਰਥਕਤਾਵਾਂ ਵਿਚ ਨਿਊਕਲਿਆਈ ਸਮਰਥਾ ਦੀ ਵਰਤੋਂ ਕਰਦੇ ਹਾਂ। ਅਸੀਂ ਨਿਊਕਲਿਆਈ ਬਿਜਲੀ ਘਰਾਂ ਦੀ ਉਸਾਰੀ ਕਰਦੇ ਹਾਂ। ਇਹ ਗੱਲ ਅਉਣ ਵਾਲੇ 30-40 ਸਾਲਾਂ ਲਈ ਸਾਡੇ ਜੀਵਨ ਅਤੇ ਸਦਾਚਾਰ ਨੂੰ ਨਿਸਚਿਤ ਕਰਦੀ ਹੈ। ਪਰ ਅਸੀਂ ਅਕਸਰ ਹੀ ਇਹ ਗੱਲ ਪਛਾਨਣ ਤੋਂ ਖੁੰਝ ਜਾਂਦੇ ਹਾਂ। ਅਜ ਦੀਆਂ ਘਟਨਾਵਾਂ ਏਨੀਆਂ ਵਡੀਆਂ, ਅਸਲ ਵਿਚ ਵਿਸ਼ਵ-ਵਿਆਪੀ ਹੁੰਦੀਆਂ ਹਨ ਕਿ ਸਾਡੀਆਂ ਗਲਤੀਆਂ ਦੇ ਨੁਕਸਾਨ ਨੂੰ ਪੂਰਾ ਕਰਨਾ ਮੁਸ਼ਕਲ ਹੋਵੇਗਾ। ਇਸ ਕਰਕੇ ਅਸੀਂ ਅਜ ਜੋ ਕੁਝ ਵੀ ਕਰਦੇ ਹਾਂ, ਉਹਦੇ ਵਿਚ ਸਾਨੂੰ ਦਰੁਸਤ ਅਤੇ ਯਥਾਰਥਵਾਦੀ ਹੋਣਾ ਚਾਹੀਦਾ ਹੈ।

> **ਸਾਹਿਤ ਵੀ ਅਤੇ ਸਾਹਿਤਕ ਅਲੋਚਨਾ ਵੀ ਇਹ ਗੱਲ ਭੁਲਦੇ ਲਗਦੇ ਹਨ ਕਿ ਨਾਇਕ ਕੀ ਹੁੰਦਾ ਹੈ........**

ਜਿੱਥੋਂ ਤਕ ਗਲਪ ਦਾ ਸਬੰਧ ਹੈ, ਮੇਰਾ ਖਿਆਲ ਹੈ ਕਿ ਇਹਦੇ ਵਿਚ ਅਜੇ ਵੀ ਵਰਤਮਾਨ ਸਮੇਂ ਦੀ ਨਿਰਣਾਇਕਤਾ ਹੈ ਸਮਝਣ ਦੀ ਅਤੇ ਵਰਤਮਾਨ ਨੂੰ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ 27 ਵੀਂ ਕਾਂਗਰਸ ਦੇ ਸ਼ਬਦਾਂ ਵਿਚ, 'ਦੇਸ਼ ਦੀ ਅਤੇ ਸਮੁੱਚੇ ਸਮਕਾਲੀ ਸੰਸਾਰ ਦੀ ਜ਼ਿੰਦਗੀ ਵਿਚ ਨਿਰਣਈ ਮੋੜ' ਵਜੋਂ ਸਮਝਣ ਦੀ ਘਾਟ ਹੈ। ਸਾਹਿਤ ਨੂੰ ਮਨੁੱਖ ਨੂੰ ਦਸਣਾ ਚਾਹੀਦਾ ਹੈ ਕਿ ਉਹ ਜੋ ਕੁਝ ਅਜ ਕਰ ਰਿਹਾ ਹੈ, ਉਹ ਸਦੀਆਂ ਤਕ ਕਾਇਮ ਰਹੇਗਾ। ਪਰ ਸਾਡਾ ਸਾਹਿਤ ਇਸ ਸਭ ਕਾਸੇ ਨੂੰ ਬਹੁਤ ਦੇਰ ਨਾਲ ਸਮਝਦਾ ਹੈ।

ਸਾਡੇ ਸਾਰਿਆਂ ਲਈ, ਮੇਰੇ ਲਈ ਵੀ ਜੁੱਗਾਂ ਦੇ ਅੰਤਰ-ਅਮਲ ਦਾ ਸਰਬ ਵਿਆਪਕ ਮਾਮਲਾ ਠੋਸ ਅਤੇ ਇਕ ਹਦ ਤਕ ਵਿਅਕਤੀਗਤ ਹੈ। ਮੇਰੇ ਖਿਆਲ ਅਨੁਸਾਰ, ਮਨੁੱਖ ਦੇ ਕੁਦਰਤ ਨਾਲ ਸਬੰਧ ਵਿਸ਼ੇਸ਼ ਤੌਰ ਉਤੇ ਅਹਿਮ ਹਨ। ਉਹ 50 ਵਰਿਆਂ ਵਿਚ ਪਛਾਣੋਂ ਪਰੇ ਦੀ ਹੱਦ ਤੱਕ ਬਦਲ ਗਏ ਹਨ—ਏਨੇਂ ਬਹੁਤੇ ਬਦਲ ਗਏ ਹਨ ਕਿ ਜੋ ਕੁਝ ਵਾਪਰਿਆ ਹੈ, ਅਸੀਂ ਉਹਦਾ ਅਜੇ ਵੀ ਪੂਰਾ ਲੇਖਾ-ਜੋਖਾ ਨਹੀਂ ਕਰ ਸਕਦੇ। ਅਨੇਕ ਲੋਕਾਂ ਨੂੰ ਕੁਦਰਤ ਉਤੇ ਜਿਤ ਪਰਾਪਤ ਕਰਨ ਦੀਆਂ ਆਮ ਗੱਲਾਂ ਚੇਤੇ ਹੋਣਗੀਆਂ ਜਿਹੜੀਆਂ 1930 ਵਿਆਂ ਵਿਚ ਸ਼ੁਰੂ ਹੋਈਆਂ ਸਨ। ਉਹ ਪੁਰਾਤਨ ਪਹੁੰਚ ਸੀ: ਕੁਦਰਤ ਉਤੇ ਜਿੱਤ ਪਰਾਪਤ ਨਹੀਂ ਕੀਤੀ ਜਾਣੀ ਚਾਹੀਦੀ, ਸਗੋਂ ਇਹਨੂੰ ਆਪਣੀ ਇਤਿਹਾਦੀ ਬਣਾਇਆ ਜਾਣਾ ਚਾਹੀਦਾ ਹੈ। ਸਾਨੂੰ ਕੁਦਰਤ ਨਾਲ ਏਕਤਾ ਲਈ ਉਵੇਂ ਹੀ ਜਤਨ ਕਰਨੇ ਚਾਹੀਦੇ ਹਨ ਜਿਵੇਂ ਅਸੀਂ ਲੋਕਾਂ ਵਿਚਾਰ ਏਕਤਾ ਲਈ ਜਤਨ ਕਰਦੇ ਹਾਂ। ਸਾਡਾ ਸਮਾਂ ਵਿਗਿਆਨ, ਤਕਨਾਲੋਜੀ ਤੇ ਕੁਦਰਤ ਨਾਲ ਏਕਤਾ ਦਾ ਅਤੇ ਆਪਣੇ ਵਿਚਕਾਰ ਏਕਤਾ ਦਾ ਸਮਾਂ ਹੈ। ਜੇ ਅਸੀਂ ਇਹ ਏਕਤਾ ਨਾ ਕਰ ਸਕੇ ਤਾਂ ਅਸੀਂ ਬਚ ਨਹੀਂ ਸਕਾਂਗੇ।

ਸਦੀਆਂ ਤਕ, ਇਥੋਂ ਤਕ ਕਿ ਸਹਿੰਸਰਕਾਲਾਂ ਤਕ ਮਨੁੱਖ ਆਪਣੇ ਆਪ ਨੂੰ ਕੁਦਰਤ ਦਾ ਗੁਲਾਮ ਸਮਝਦਾ ਰਿਹਾ। ਮਨੁੱਖ ਕੁਦਰਤ ਨੂੰ ਪੂਜਦਾ ਰਿਹਾ ਕਿਉਂਕਿ ਉਹ ਪੂਰੀ ਤਰਾਂ ਉਹਦੇ ਉੱਤੇ ਨਿਰਭਰ ਕਰਦਾ ਸੀ। ਮਨੁਖ ਅਤੇ ਕੁਦਰਤ ਨੇ ਪਿਛਲੇ 30-40 ਸਾਲਾਂ ਵਿਚ ਭੂਮਿਕਾਵਾਂ ਬਦਲ ਲਈਆਂ ਹਨ। ਹੁਣ ਇਹ ਗੱਲ ਸਾਡੇ ਸਾਹਮਣੇ ਬਹੁਤ ਅਹਿਮ ਸਵਾਲ ਖੜਾ ਕਰਦੀ ਹੈ: ਜਿਉਂਦੇ ਰਹਿਣਾ ਹੈ ਜਾਂ ਨਹੀਂ?'

ਮਨੁੱਖ ਦੀ ਸਮਰਥਾ ਅਥਾਹ ਹੈ। ਇਹਦੀ ਵਰਤੋਂ ਲਈ ਸਾਨੂੰ ਅਜਿਹੀ ਸੂਝ ਦੀ ਲੋੜ ਹੈ ਜੇਹਦੀ ਸਾਡੇ ਵਿਚ ਅਜੇ ਵੀ ਘਾਟ ਹੈ। ਇਸ ਮਾਮਲੇ ਨੂੰ ਉਭਾਰ ਕੇ ਪੇਸ਼ ਕਰਨਾ ਰਚਨਾਤਮਿਕ ਲਿਖਤ ਦਾ ਕੰਮ ਹੈ।

ਆਧੁਨਿਕ ਪਰਸਿਧ ਲੇਖਕ ਗੇਬਰੀਅਲ ਗਾਰਸੀਆ ਮਾਰਕੁਇਸ ਨੇ ਤਿਖੀ ਉਜਾਗਰਤਾ ਰਾਹੀਂ ਪਰਾਪਤ ਕੀਤੇ ਗਏ ਆਪਣੇ ਘੋਖਵੇਂ ਵਿਸ਼ਲੇਸ਼ਣਾਂ ਨਾਲ ਸਮਕਾਲੀਨਤਾ ਲਈ ਬਹੁਤ ਕੁਝ ਕੀਤਾ ਹੈ। 'ਪੈਟਰੀਆਰਕਦਾ ਆਟਮ' ਵਿਚ ਉਹਨੇ ਮਾਮਲਿਆਂ ਨੂੰ ਅਮੂਰਤ ਰੂਪ ਵਿਚ ਪੇਸ਼ ਕਰਕੇ ਸ਼ਖਸੀਅਤ ਪੂਜਾ ਦੇ ਸਾਰ ਵਿਚ ਡੂੰਘੀ ਝਾਤ ਪਾਈ—ਇਹ ਇਕ ਦਲੇਰ ਅਤੇ ਲਾਭਦਾਇਕ ਜਤਨ ਸੀ। ਤਿੱਖੀ ਉਜਾਗਰਤਾ ਡੂੰਘੇ ਕਲਾਤਮਕ ਵਿਸ਼ਲੇਸ਼ਣ ਦਾ ਚਿੰਨ੍ਹ ਹੁੰਦੀ ਹੈ।

ਅਜੇ ਵੀ ਅਸੀਂ ਵਿਸ਼ਲੇਸ਼ਨ ਦੇ ਸੰਸਾਰ ਵਿਚ ਨਹੀਂ, ਸੰਸਲੇਸ਼ਣ ਦੇ ਸੰਸਾਰ ਵਿਚ ਰਹਿੰਦੇ ਹਾਂ। ਇਹ ਅਜਿਹ ਸੰਸਾਰ ਹੈ ਜਿਥੇ ਅਤਿਅੰਤ ਵੰਨਸੁਵੰਨੇ ਵਰਤਾਰੇ ਅਤੇ ਗੁਣ ਨਾਲੋਂ ਨਾਲ ਮੌਜੂਦ ਹਨ। ਉਹਨੇ ਨੁਕਤਿਆਂ ਦਾ ਪਤਾ ਲਾਉਣ ਯਥਾਰਥਵਾਦੀ ਰਚਨਾ ਦਾ ਕੰਮ ਹੁੰਦਾ ਹੈ ਜਿਹਨਾਂ ਉਤੇ ਇਹ ਵੰਨਸੁਵੰਨੇ ਵਰਤਾਰੇ

ਇਕੱਠੇ ਹੋ ਜਾਂਦੇ ਹਨ।

ਮੇਰੇ ਵਿਚਾਰ ਅਨੁਸਾਰ ਇਸ ਸਬੰਧ ਵਿਚ ਵਿਕਟਰ ਅਸਤਾਫਯੇਵ ਦੀ ਰਚਨਾ ਕਿੰਗਫਿਸ਼ ਸਾਡੇ ਸਮੇਂ ਦੀ ਇਕ ਸਭ ਤੋਂ ਵਧ ਸਫਲ ਰਚਨਾ ਹੈ।

ਇਹਦੀ ਕੋਈ ਗਿਣੀ-ਮਿਥੀ ਕਹਾਣੀ ਨਹੀਂ ਹੈ, ਪਰ ਇਹ ਸਮਕਾਲੀ ਮਨੁੱਖ ਅਤੇ ਕੁਦਰਤ ਨੂੰ ਪੇਸ਼ ਕਰਦੀ ਹੈ ਅਤੇ ਅਜ ਦੇ ਸਰਬਵਿਆਪਕ ਵਿਚਾਰਾਂ ਨੂੰ ਪੇਸ਼ ਕਰਦੀ ਹੈ—ਬਹੁਤ ਸਾਰੀਆਂ ਕਿਤਾਬਾਂ ਵਾਂਗ ਕਿਸੇ ਇਕ ਕੇਂਦਰੀ ਵਿਚਾਰ ਨੂੰ ਹੀ ਪੇਸ਼ ਨਹੀਂ ਕਰਦੀ।

ਤੇ ਵਰਤਮਾਨ ਗਲਪ ਦੀ ਕਿਹੜੀ ਗਲ ਮੇਰੇ ਲਈ ਚਿੰਤਾ ਦਾ ਕਾਰਨ ਹੈ। ਸਾਹਿਤ ਵੀ ਅਤੇ ਸਾਹਿਤਕ ਆਲੋਚਨਾ ਵੀ ਇਹ ਗਲ ਭੁਲਦੇ ਲਗਦੇ ਹਨ ਕਿ ਨਾਇਕ ਕੀ ਹੁੰਦਾ ਹੈ ਅਤੇ ਇਹ ਅਕਸਰ ਹੀ ਹੁੰਦਾ ਹੈ ਕਿ ਯਥਾਰਥ ਨਹੀਂ, ਸਗੋਂ ਸ਼ੈਲੀ ਦਾ ਰੂਪ ਇਹ ਗਲ ਮਿਥਦਾ ਹੈ ਕਿ ਉਹਨੂੰ ਕਿਹੋ ਜਿਹਾ ਹੋਣਾ ਚਾਹੀਦਾ ਹੈ। ਨਤੀਜਾ ਸਾਡੇ ਸਾਰਿਆਂ ਦੇ ਸਾਹਮਣੇ ਹੈ: ਸਾਡੇ ਕੋਲ ਜ਼ਿੰਦਗੀ ਦੇ ਹਾਣ ਦਾ ਕੋਈ ਵੀ ਨਾਇਕ ਨਹੀਂ ਹੈ।

ਜਿਸ ਗੱਲ ਨੇ ਸਾਰੇ ਸਮਿਆਂ ਦੇ ਰੂਸੀ ਸਾਹਿਤ ਨੂੰ ਅਸਲ ਵਿਚ ਅਹਿਮ ਸਾਹਿਤ ਬਣਾਇਆ, ਉਹ ਮੇਰੇ ਖਿਆਲ ਅਨੁਸਾਰ ਇਹ ਤੱਥ ਸੀ ਕਿ ਇਹਨੇ ਕਦੇ ਵੀ ਯਥਾਰਥ ਦੀ ਅਗੇਤ ਉਤੇ ਬੰਨ੍ਹ ਨਹੀਂ ਸੀ ਕੀਤਾ, ਜਦੋਂ ਕਿ ਅਜ ਦਾ ਗਲਪ ਅਕਸਰ ਹੀ ਠੰਢੀ ਹੁੰਦਾ ਹੈ ਅਤੇ ਰਸਮੀ ਤਜਰਬੇ ਲਈ ਜ਼ਿੰਦਗੀ ਨੂੰ ਗਲਤ ਰੂਪ ਵਿਚ ਪੇਸ਼ ਕਰਦਾ ਹੈ।

ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ 27 ਵੀਂ ਕਾਂਗਰਸ ਸਾਹਮਣੇ ਪੇਸ਼ ਕੀਤੀ ਗਈ ਰਾਜਨੀਤਕ ਰਿਪੋਰਟ ਵਿਚ ਮਿਖਾਈਲ ਗੋਰਬਾਚੋਵ ਨੇ ਕਿਹਾ ਸੀ ਕਿ 'ਸਮਾਂ ਸਮਾਜਕ ਵਿਗਿਆਨਾਂ ਸਾਹਮਣੇ ਅਮਲ ਦੀਆਂ ਠੋਸ ਲੋੜਾਂ ਖਿਆਲ ਢੰਗ ਨਾਲ ਨਜਿੱਠਣ ਦਾ ਸਵਾਲ ਖੜਾ ਕਰਦਾ ਹੈ। ਇਹ ਸ਼ਬਦ ਗਲਪ ਉਤੇ ਵੀ ਲਾਗੂ ਕੀਤੇ ਜਾ ਸਕਦੇ ਹਨ। ਇਹਦੇ ਕੋਈ ਵਖਰੇ ਕਾਰਜ ਨਹੀਂ ਹਨ। ਇਹਨੇ ਉਹੀ ਸਭ ਕੁਝ ਕਰਨਾ ਹੈ ਜੋ ਸਮੁੱਚਾ ਭਾਈਚਾਰਾ ਕਰ ਰਿਹਾ ਹੈ, ਪਰ ਕਰਨਾ ਪੂਰੀ ਤਰਾਂ ਆਪਣੇ ਸਾਧਨਾਂ ਨਾਲ ਹੈ।

ਮੈਂ ਇਥੇ ਕੁਝ ਸ਼ਬਦ ਆਪਣੇ ਇਲਾਕੇ—ਸਾਇਬੇਰੀਆ ਬਾਰੇ ਕਹਿਣਾ ਚਾਹੁੰਦਾ ਹਾਂ। ਮੈਂ ਓਥੇ ਦੀਆਂ ਨਦੀਆਂ ਪਹੁੰਚਾਂ ਵਿਚ ਉਸਾਰੇ ਜਾਣ ਵਾਲੇ ਇਕ ਦਿਓਕੱਦ ਬਿਜਲੀਘਰ ਦੇ ਪਰਾਜੈਕਟ ਵਿਰੁਧ ਲੰਮੇ ਸਮੇਂ ਤਕ ਸਖਤ ਲੜਾਈ ਕੀਤੀ—ਇਹ ਇਕ ਭਿਅੰਕਰ ਪਰਜੈਕਟ ਸੀ, ਜੋ ਇਕੱਠੇ ਤੌਰ ਉਤੇ ਚੈਕੋਸਲੋਵਾਕੀਆਂ ਅਤੇ ਜਰਮਨੀ ਦੇ ਜਮਹੂਰੀ ਗਣਰਾਜ ਦੇ ਬਰਾਬਰ ਦੇ ਵਿਸ਼ਾਲ ਇਲਾਕਿਆਂ ਨੂੰ ਪਾਣੀ ਹੇਠਾਂ ਲਿਆਦੇ ਜਾਣਾ ਚਿਤਵਦਾ ਸੀ। ਉਸ ਇਲਾਕੇ ਵਿਚ ਭੂਗਰਭ-ਵਿਗਿਆਨੀਆਂ ਵਲੋਂ ਤੇਲ ਲੱਭ ਲਏ ਜਾਣ ਸਦਕਾ ਇਸ ਪਰਾਜੈਕਟ ਸਬੰਧੀ ਫੈਸਲਾ ਰਦ ਹੋ ਗਿਆ। ਪਰ ਮੈਨੂੰ ਹੈਰਾਨੀ ਹੈ ਕਿ ਨਾ ਤਾਂ ਮੈਂ ਅਤੇ ਨਾ ਹੀ ਕਿਸੇ ਹੋਰ ਵਿਅਕਤੀ ਨੇ ਕਦੇ ਇਹ ਸਵਾਲ ਉਠਾਇਆ ਕਿ ਅਜਿਹੇ ਮੂਰਖਾਨਾ ਵਿਚਾਰ ਆਖਰ ਸੰਭਵ ਹੀ ਕਿਉਂ ਹੁੰਦੇ ਹਨ।

ਸੋਵੀਅਤ ਸਾਹਿਤ ਪ੍ਰਤੀ ਬਦੇਸੀ ਰਵੱਈਏ ਬਹੁਤ ਦਿਲਚਸਪ ਹਨ। ਇਕ ਸਮਾਂ ਅਜਿਹਾ ਸੀ ਜਦੋਂ ਅਸੀਂ ਇਸ ਸਬੰਧੀ ਪੱਛਮੀ ਨਿਰਣੇ ਵਲ ਕੁਝ ਬਹੁਤਾ ਹੀ ਧਿਆਨ ਦਿੰਦੇ ਸੀ। ਕੁਝ ਲੇਖਕ ਤਾਂ ਇਸ ਗਲ ਲਈ ਤਾਂਘਦੇ ਰਹਿੰਦੇ ਸਨ ਕਿ ਪੱਛਮ ਉਹਨਾਂ ਦੀ ਪਰਸੰਸਾ ਕਰੇ। ਪਰ ਇਹਦੇ ਨਾਲ ਹੁੰਦਾ ਕੀ ਹੈ? ਪੱਛਮ ਵਾਲੇ ਵਾਲੇਨਤਿਨ ਰਾਸਪੁਤਿਨ ਨੂੰ ਇਕ ਮੋਹਰੀ ਸੋਵੀਅਤ ਲੇਖਕ ਮੰਨਦੇ ਹਨ। ਪਰ ਰਾਸਪੁਤਿਨ ਵਿਸ਼ੇਸ਼ ਤੌਰ ਉਤੇ ਰੂਸੀ ਵਰਤਾਰਿਆਂ ਬਾਰੇ ਲਿਖਦਾ ਹੈ। ਸਾਡਾ ਖਿਆਲ ਹੈ ਕਿ ਪੇਂਡੂ ਵਿਸ਼ਾ ਵਿਹਾ ਚੁੱਕਿਆ ਹੈ ਅਤੇ ਪੱਛਮ ਵਾਲੇ ਮਨੁੱਖ ਕੁਦਰਤ ਏਕਤਾ, ਜੀਹਦਾ ਮੈਂ ਜ਼ਿਕਰ ਕੀਤਾ ਹੈ, ਚਿਤਰਨ ਵਾਲੇ ਵਜੋਂ ਇਸ ਵਿਸ਼ੇ ਸਬੰਧੀ ਉਤਸ਼ਾਹ ਦਰਸਾਉਂਦੇ ਹਨ। ਬਦੇਸ਼ੀ ਲੋਕ ਉਹਨਾਂ ਪੁਸਤਕਾਂ ਰਾਹੀਂ ਕਦੇ ਵੀ ਸਾਡੀ ਅਸਲ ਤਸਵੀਰ ਨਹੀਂ, ਵੇਖ ਸਕਣਗੇ ਜਿਹੜੀਆਂ ਵਿਸ਼ੇਸ਼ ਤੌਰ ਉਤੇ ਉਹਨਾਂ ਨੂੰ ਧਿਆਨ ਵਿਚ ਰਖ ਕੇ ਲਿਖੀਆਂ ਜਾਂਦੀਆਂ ਹਨ ਅਤੇ ਉਹਨਾਂ ਵਿਸ਼ਿਆਂ ਬਾਰੇ ਲਿਖੀਆਂ ਜਾਂਦੀਆਂ ਹਨ ਜਿਹੜੇ ਵਿਸ਼ੇ, ਅਸੀਂ ਸਮਝਦੇ ਹਾਂ, ਉਹਨਾਂ ਦੀ ਦਿਲਚਸਪੀ ਦੇ ਹੋ ਸਕਦੇ ਹਨ। ਉਹ ਸਾਡੀ ਅਸਲ ਤਸਵੀਰ ਉਹਨਾਂ ਪੁਸਤਕਾਂ ਵਿਚੋਂ ਪਰਾਪਤ ਕਰਨਗੇ ਜਿਹਨਾਂ ਵਿਚ ਰੂਸੀ ਸਾਹਿਤਕ ਰਵਾਇਤ ਨੂੰ ਅਗੇ ਵਧਾਇਆ ਗਿਆ ਹੁੰਦਾ ਹੈ ਅਤੇ ਜਿਨਾਂ ਵਿਚ ਰੂਸੀ ਮਨੋਵਿਗਿਆਨ ਨੂੰ ਅਸਲ ਰੂਪ ਵਿਚ ਚਿਤਰਿਆ ਗਿਆ ਹੁੰਦਾ ਹੈ। ਮੈਂ ਹੈਨਰਿਖ ਬੋਲ ਨੂੰ ਪਿਆਰ ਕਰਦਾ ਹਾਂ—ਮੁਖ ਤੌਰ ਉਤੇ ਇਸ ਲਈ ਪਿਆਰ ਕਰਦਾ ਹਾਂ ਕਿਉਂਕਿ ਉਹ ਪੂਰੀ ਤਰਾਂ ਜਰਮਨ ਹੈ। ਮੈਂ ਉਹਨੂੰ ਪਿਛਲੇ ਦਹਾਕਿਆਂ ਦੀ ਜਰਮਨ ਸਾਹਿਤਕ ਰਚਨਾ

ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ROYAL FURNITURE

ਰੌਇਲ ਫਰਨੀਚਰ ਲਿਮ:

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

Ph. 874-9525

- ਲਿਵਿੰਗ ਰੂਮ
- ਡਾਇਨਿੰਗ ਰੂਮ
- ਬੈਡ ਰੂਮ ਅਤੇ

ਹਰ ਕਿਸਮ ਦਾ ਫਰਨੀਚਰ ਸਾਥੋਂ ਖ਼ਰੀਦੋ



PAUL TOOR

# ਬ੍ਰਿਟਿਸ਼ ਕੁਲੰਬੀਆ ਦੀ ਆਰਥਕਤਾ

ਗੁਰਨਾਮ ਸਿੰਘ ਸੰਘੇੜਾ

"ਸਰਮਾਏ ਦੇ ਮਾਲਕਾਂ ਦੇ ਟੋਲੇ ਦੇ ਹਿਤ ਪਬਲਿਕ ਦੇ ਹਿਤਾਂ ਦੇ ਨਾਲ ਮੇਲ ਨਹੀਂ ਖਾਂਦੇ। ਮਾਲਕਾਂ ਦੇ ਹਿਤ ਆਮ ਤੌਰ ਤੇ ਪਬਲਿਕ ਨੂੰ ਧੋਖਾ ਦੇਣ ਅਤੇ ਦਬਾਉਣ ਦੇ ਹੁੰਦੇ ਹਨ ਅਤੇ ਉਹਨਾਂ ਨੇ ਇਹਨਾਂ ਹਿਤਾਂ ਦੇ ਅਨੁਸਾਰ ਕਈ ਮੌਕਿਆਂ ਤੇ ਫਰੇਬ ਕੀਤਾ ਅਤੇ ਦਬਾਇਆ ਹੈ।" (ਸਰਮਾਏਦਾਰੀ ਦੀ ਰਵਾਇਤੀ ਰਾਜਨੀਤਕ ਆਰਥਕਤਾ ਦੇ ਪਿਤਾਮਾ ਐਡਮ ਸਮਿਥ)

ਬ੍ਰਿਟਿਸ਼ ਕੁਲੰਬੀਆ ਦੀ ਆਰਥਕਤਾ ਵਿਚ ਮੁਖ (ਪ੍ਰਾਇਮਰੀ) ਸੈਕਟਰ ਲੱਕੜ, ਖਾਣਾਂ, ਮੱਛੀ ਅਤੇ ਖੇਤੀਬਾੜੀ ਰਹੀ ਹੈ। ਵੈਸੇ ਖੇਤੀਬਾੜੀ ਇੰਨੀ ਜ਼ਿਆਦਾ ਨਹੀਂ ਜਿੰਨੀ ਘੱਟ ਉਨਤ ਦੇਸ਼ਾਂ ਵਿਚ ਹੈ ਪਰ ਫਿਰ ਭੀ ਕਾਫੀ ਲੋਕ ਇਸ ਤੇ ਨਿਰਭਰ ਕਰਦੇ ਹਨ। 1880 ਵਿਚ ਭੀ ਕੋਈ 19 ਫੀ ਸਦੀ ਲੋਕ ਇਸ ਨਾਲ ਸੰਬੰਧਤ ਸਨ। ਚੀਜਾਂ ਬਣਾਉਣ ਦੀ ਦਸਤਕਾਰੀ ਘੱਟ ਅਤੇ ਸੈਕੰਡਰੀ ਹੈ ਜੋ ਅਮਰੀਕਾ ਆਦਿ ਤੇ ਨਿਰਭਰ ਹੈ ਅਤੇ ਪਹਿਲਾਂ ਬਰਤਾਨੀਆ ਤੇ ਸੀ। ਇਹ ਗੱਲ ਸਾਰੇ ਕਨੇਡਾ ਤੇ ਹੀ ਢੁਕਦੀ ਹੈ ਅਤੇ ਬੀ ਸੀ ਨੂੰ ਕਨੇਡਾ ਤੋਂ ਜੁਦਾ ਕਰਕੇ ਨਹੀਂ ਵੇਖਿਆ ਜਾ ਸਕਦਾ। ਆਮ ਤੌਰ ਤੇ ਜਿਉਂ ਜਿਉਂ ਦਸਤਕਾਰੀ ਵਧਦੀ ਹੈ ਤਾਂ ਪ੍ਰਾਇਮਰੀ ਸੈਕਟਰ ਘਟਦਾ ਹੈ ਪਰ ਵਿਕਸਤ ਦਸਤਕਾਰੀ ਦੇਸ਼ਾਂ ਵਿਚ ਭੀ ਕਦੀ ਵਾਰੀ ਆਰਥਕਤਾ ਦੇ 30 ਫੀ ਸਦੀ ਹਿੱਸੇ ਤੋਂ ਵਧਦਾ ਨਹੀਂ। ਬੀ ਸੀ ਵਿਚ ਕੋਈ ਖਾਸ ਦਸਤਕਾਰੀ ਨਹੀਂ। ਤੀਜਾ ਖੇਤਰ ਸਰਵਿਸ ਦਸਤਕਾਰੀ ਹੈ ਜਿਵੇਂ ਵਪਾਰ; ਸੈਲਾਨੀ; ਟਰਾਂਸਪੋਰਟ; ਘਰ, ਬਿਲਡਿੰਗ ਤੇ ਪੁਲਾਂ ਆਦਿ ਦੀ ਉਸਾਰੀ; ਵਿਦਿਆ. ਸੇਹਤ, ਫਾਈਨੈਨਸ, ਦਫਤਰ ਆਦਿ। ਸਰਵਿਸ ਸੈਕਟਰ ਕਾਫੀ ਵਧਿਆ ਪਰ ਸੈਕੰਡਰੀ ਦਸਤਕਾਰੀ ਵਿਚ ਪਿਛਲੇ ਸੌ ਸਾਲ ਵਿਚ ਕੋਈ ਖਾਸ ਵਾਧਾ ਨਹੀਂ ਹੋਇਆ। ਬੀ ਸੀ ਦੀ ਉਨਤੀ ਅਤੇ ਖੁਸ਼ਹਾਲੀ ਦੀ ਨਿਰਭਰਤਾ ਦਸਤਕਾਰੀ ਤੇ ਨਹੀਂ। ਉਘੀ ਦਸਤਕਾਰੀ ਜੰਗਲ ਅਤੇ ਲੱਕੜ ਨਾਲ ਸੰਬੰਧ ਹੈ ਅਤੇ ਬੀ ਸੀ ਦਾ ਆਰਥਕ ਵਿਕਾਸ ਲੱਕੜ ਤੇ ਜੰਗਲ ਸੰਬੰਧਤ ਐਕਸਪੋਰਟ ਤੇ ਹੀ ਰਿਹਾ ਹੈ। 1912 ਵਿਚ 67 ਲੱਖ ਕਿਊਬਿਕ (ਘਣਫਲ) ਮੀਟਰ ਲੱਕੜ ਕੱਟ ਹੁੰਦੀ ਸੀ ਤੇ ਹੁਣ ਕੋਈ ਸਾਢੇ ਸੱਤ ਕਰੋੜ ਕਿਊਬਿਕ ਮੀਟਰ ਕੱਟ ਹੁੰਦੀ ਹੈ। ਪਰ ਮਸਲਾ ਦੋਬਾਰਾ ਲਾਉਣ ਅਤੇ ਉਸ ਥਾਂ ਦੀ ਯੋਗ ਵਰਤੋਂ ਦਾ ਭੀ ਹੈ।

ਬਾਕੀ ਕਨੇਡਾ ਵਾਂਗ ਹੀ ਬੀ ਸੀ ਦੀ ਆਰਥਿਕਤਾ ਦਾ ਸੰਕਟ ਦਾ ਸ਼ਿਕਾਰ ਹੈ ਅਤੇ ਇਸ ਵਿਚ ਅਸਥਿਰਤਾ ਤੇ ਨਿਘਾਰ ਹੈ। 1871 ਵਿਚ ਕਨੇਡੀਅਨ ਫੈਡਰੇਸ਼ਨ ਵਿਚ ਸ਼ਾਮਲ ਹੋਣ ਤੋਂ ਲੈ ਕੇ ਵਕਤੀ ਖੁਸ਼ਹਾਲੀ ਤੇ ਫਿਰ ਸੰਕਟ ਦੇ ਚੱਕਰ ਚਲਦੇ ਆ ਰਹੇ ਅਤੇ ਨਾ-ਬਰਾਬਰੀ ਵਧਦੀ ਰਹੀ ਹੈ। **ਜਿਵੇਂ 1874 ਵਿਚ ਬੀ ਸੀ ਦੀ ਚਾਲੀ ਹਜ਼ਾਰ ਆਬਾਦੀ ਸੀ ਅਤੇ ਵਿਅਕਤੀ ਦੇ ਸਿਰ (ਬੱਚਾ, ਬੁੱਢਾ, ਜਵਾਨ, ਮਰਦ, ਇਸਤਰੀ) $4.73 ਸਨ। 1985 ਵਿਚ ਵੱਧ ਕੇ ਬੀ ਸੀ ਦੇ ਸਿਰ ਪੰਦਰਾਂ ਅਰਬ ਚਾਲੀ ਕਰੋੜ ਹੋ ਗਿਆ ਅਤੇ ਬੀ ਸੀ ਦੇ ਹਰ ਵਿਅਕਤੀ ਦੇ ਸਿਰ ਪੰਜ ਹਜ਼ਾਰ ਦੋ ਸੌ ਅੱਸੀ ਡਾਲਰ। 1986 ਵਿਚ ਬੀ ਸੀ ਦੇ ਸਿਰ ਸੋਲਾਂ ਅਰਬ ਸੱਤਰ ਕਰੋੜ ਹੋ ਗਿਆ ਤੇ ਹਰ ਵਿਅਕਤੀ ਦੇ ਸਿਰ ਛਪੰਜਾਂ ਸੌ ਚਾਲੀ ਡਾਲਰ ਹੋ ਗਿਆ। ਪਰ ਜੇਕਰ ਸਾਰੇ ਕਨੇਡਾ ਦਾ ਦੋ ਸੌ ਛੱਬੀ ਅਰਬ ਡਾਲਰ ਗਿਣੀਏ ਜੋ ਹਰ ਕਨੇਡੀਅਨ ਦੇ ਸਿਰ ਅੱਠ ਹਜ਼ਾਰ ਅੱਠ ਸੌ ਤ੍ਰੇਹਟ ਡਾਲਰ ਹੈ। ਤਾਂ ਬੀ ਸੀ ਦੇ ਹਰ ਵਿਅਕਤੀ ਦੇ ਸਿਰ ਕੋਈ ਚੌਦਾਂ ਹਜ਼ਾਰ ਦੋ ਸੌ ਡਾਲਰ ਕਰਜ਼ਾ ਹੈ।** ਬੀ ਸੀ ਵਿਚ ਬਾਰਾਂ ਤੋਂ ਚੌਦਾਂ ਫੀ ਸਦੀ ਇਨਫਲੇਸ਼ਨ ਰਿਹਾ ਹੈ।

1939 ਤੋਂ 1955 ਤੱਕ ਬੀ ਸੀ ਦੀ ਆਬਾਦੀ ਵਿਚ 70 ਵਾਧਾ ਇਸ ਕਰਕੇ ਹੋਇਆ ਕਿ ਲੱਕੜ ਦੀ ਐਕਸਪੋਰਟ ਮੰਡੀ ਵਧੀ, ਸੰਬੰਧਤ ਦਸਤਕਾਰੀ, ਕੰਮ ਕਾਰ ਤੇ ਸਰਵਿਸ ਖੇਤਰ ਵਿਚ ਵਾਧਾ; ਇਮੀਗਰੇਸ਼ਨ ਆਦਿ ਵਿਚ ਵਾਧਾ ਸੀ ਪ੍ਰੋਫੈਸਰ ਮਾਰਚਕ ਨੇ ਲਿਖਿਆ ਕਿ 1945 ਤੋਂ 1970 ਦੇ ਵਿਚਕਾਰ ਬੀ ਸੀ ਵਿਚ ਆਰਥਕ ਪਸਾਰ ਹੋਇਆ ਪਰ ਉਸ ਨਾਲ ਭਿੰਨ ਭਿੰਨ ਦਸਤਕਾਰੀ ਵਿਚ ਕੋਈ ਉਨਤੀ ਨਹੀਂ ਸੀ। ਮੁਖ ਭੰਡਾਰ/ਸੰਪਤੀ ਵਿਚ ਦਸਤਕਾਰੀ ਨੇ ਉਨਤੀ ਨਹੀਂ ਕੀਤੀ। ਅਮਰੀਕਾ ਦੀਆਂ ਜੰਗਲ ਤੇ ਖਾਣਾਂ ਤੇ ਕੰਮ ਕਰਨ ਵਾਲੀਆਂ ਕੰਪਨੀਆਂ ਨੇ ਕੁਦਰਤੀ ਭੰਡਾਰਾਂ ਵਿਚ ਕੰਮ ਕਾਰ ਤਾਂ ਵਧਾਏ ਪਰ ਬੀ ਸੀ ਵਿਚ ਕੋਈ ਦਸਤਕਾਰੀ ਨਾ ਲਾਈ (ਲੱਗਣ ਨਾ ਦਿੱਤੀ) ਅਤੇ ਇਸ ਦੀ ਆਰਥਕਤਾ ਨੂੰ ਸਵੈ ਨਿਰਭਰਤਾ ਤੋਂ ਰੋਕਿਆ। ਬੀ ਸੀ ਅਤੇ ਕਨੇਡਾ ਨੂੰ ਅਮਰੀਕਨ ਦਸਤਕਾਰੀ ਦੀ ਬਾਹਰੀ ਸੀਮਾ (ਫਿਰਨੀ) ਤੌਰ ਤੇ ਵਰਤਿਆ। ਅਤੇ ਜਦੋਂ ਫਿਰ ਕੇਂਦਰ ਪੈਦਾਵਾਰ ਲੈਣ ਜਾਂ ਉਸ ਫਿਰਨੀ ਨਾਲ ਸੰਬੰਧ ਰੱਖਣ ਤੋਂ ਹਟ ਜਾਣ ਜਾਂ ਘਟਾ ਦੇਣ ਤਾਂ ਬਾਹਰੀ ਸੀਮਾਂ ਵਾਲੇ ਹੋਰ ਕਮਜ਼ੋਰ ਹੋ ਜਾਂਦੇ ਹਨ।

ਲੋੜ ਤਾਂ ਇਸ ਚੀਜ਼ ਦੀ ਹੈ ਕਿ ਕਨੇਡੀਅਨ ਆਰਥਿਕਤਾ ਆਜ਼ਾਦ ਆਪਣੇ ਪੈਰਾਂ ਉਪਰ ਖੜੀ ਹੋਵੇ ਤੇ ਇਸ ਕੰਮ ਲਈ ਮੁਖ ਪ੍ਰਾਇਮਰੀ ਦਸਤਕਾਰੀ ਲਾਵੇ ਜਿਸ ਲਈ ਬੁਨਿਆਦੀ ਤੇ ਕੁਦਰਤੀ ਸਾਧਨਾ ਤੇ ਭੰਡਾਰਾਂ ਦੀ ਅਥਾਹ ਬਰਕਤ ਤੇ ਆਧਾਰ ਹੈ। ਆਰਥਕਤਾ ਕਨੇਡੀਅਨ ਤੇ ਬੀ ਸੀ ਦੇ ਹੱਥਾਂ ਵਿਚ ਚਾਹੁੰਦੀ ਹੈ ਅਤੇ ਬਦੇਸ਼ੀ ਸਰਮਾਏ ਨੂੰ ਲੋਕਾਂ ਦੀ ਕੀਮਤ ਉਤੇ ਅਥਾਹ ਛੋਟਾਂ ਦੇ ਕੇ ਸੱਦਣਾ ਬੀ ਸੀ ਲਈ ਘਾਤਕ ਹੈ। ਬੀ ਸੀ ਦੀ ਖੁਸ਼ਹਾਲੀ ਤਾਂ ਦਸਤਕਾਰੀ ਅਤੇ ਸੈਕੰਡਰੀ ਦਸਤਕਾਰੀ ਤੋਂ ਬਿਨਾਂ ਮਿਲੀ। ਜਿਸ ਢੰਗ ਸੋਕਰਡ ਸਰਕਾਰ ਬਦੇਸ਼ੀ ਸਰਮਾਇਆ ਲੁਆਉਣਾ ਚਾਹੁੰਦੀ ਹੈ ਅਤੇ ਟੈਕਨੌਲੋਜੀ ਵਾਰੇ ਜੋ ਨੀਤੀਆਂ ਧਾਰਨ ਕੀਤੀਆਂ ਜਾ ਰਹੀਆਂ ਹਨ, ਉਹ ਮਜ਼ਦੂਰਾਂ ਤੇ ਆਮ ਲੋਕਾਂ ਦੇ ਹਿਤਾਂ ਦੇ ਵਿਰੁਧ ਅਤੇ ਪੈਦਾਵਾਰੀ ਸਾਧਨਾਂ ਦੇ ਮਾਲਕ ਅਮੀਰਾਂ ਦੇ ਹੱਕ ਵਿਚ ਜਾਂਦੀਆਂ ਹਨ।

1880 ਤੋਂ 1890 ਤੱਕ ਵਿਅਕਤੀਗਤ ਪੈਦਾਵਾਰ ਤੇ ਆਮਦਨ ਵਿਚ ਦੁਗਣਾ ਵਾਧਾ ਪਰ 1940 ਤੱਕ ਕੋਈ ਖਾਸ ਨਹੀਂ। ਪਰ 1940 ਤੋਂ 1980 ਫਿਰ ਵਿਕਾਸ ਅਤੇ ਉਨਤੀ ਹੋਈ। ਬੇਰੁਜ਼ਗਾਰੀ ਦੀ ਦਰ ਸਦਾ ਹੀ ਕੌਮੀ ਪੱਧਰ ਤੋਂ ਜ਼ਿਆਦਾ ਰਹੀ ਹੈ ਜਿਵੇਂ 1966 ਵਿਚ ਕਨੇਡਾ ਦੀ ਕੌਮੀ ਬੇਰੁਜ਼ਗਾਰੀ ਦਰ ਕੋਈ ਸਾਢੇ ਤਿੰਨ ਫੀ ਸਦੀ ਸੀ ਪਰ ਬੀ ਸੀ ਵਿਚ ਕੋਈ ਸਾਢੇ ਚਾਰ ਫੀ ਸਦੀ। 1975 ਵਿਚ ਕੌਮੀ ਬੇਰੁਜ਼ਗਾਰੀ ਪੌਣੇ ਸੱਤ ਫੀ ਸਦੀ ਪਰ ਬੀ ਸੀ ਦਾ ਸਾਢੇ ਅੱਠ ਫੀ ਸਦੀ ਸੀ। ਇਸ ਹੀ ਤਰ੍ਹਾਂ 1984 ਵਿਚ ਕੌਮੀ ਪੱਧਰ ਤੇ ਬੇ-ਰੁਜ਼ਗਾਰੀ ਦੀ ਦਰ ਸਵਾ ਗਿਆਰਾਂ ਫੀ ਸਦੀ ਸੀ ਪਰ ਬੀ ਸੀ ਵਿਚ ਪੰਦਰਾਂ ਫੀ ਸਦੀ ਸੀ। ਗਰੀਬੀ ਭੀ ਜ਼ਿਆਦਾ ਵਧੀ ਹੈ ਜਿਵੇਂ 1981 ਵਿਚ ਬੀ ਸੀ ਗਰੀਬ ਪਰਿਵਾਰਾਂ ਦੀ ਦਰ 9 ਫੀਸਦੀ ਸੀ ਪਰ 1983 ਵਿਚ ਵਧ ਕੇ 14 ਫੀਸਦੀ ਹੋ ਗਈ। ਗਰੀਬ ਸਿੰਗਲ ਬੰਦਿਆਂ ਦੀ ਦਰ ਭੀ 34 ਫੀਸਦੀ ਤੋਂ 37 ਫੀਸਦੀ ਹੋ ਗਈ। ਬੀ ਸੀ ਵਿਚ ਤਕਰੀਬਨ ਪੰਜ ਬੰਦਿਆਂ ਪਿਛੇ ਇਕ ਬੰਦਾ ਵਿਲਫੇਅਰ ਜਾਂ ਬੇ-ਰੁਜ਼ਗਾਰੀ ਭੱਤੇ ਤੇ ਹੈ।

ਬੀ. ਸੀ. ਦੀ ਪੈਦਾਵਾਰ ਤੇ ਵਿਕਾਸ ਦੇ ਰੇਟ ਅਤੇ ਹਰ ਵਿਅਕਤੀ ਪ੍ਰਤੀ ਆਮਦਨ ਦਾ ਕਨੇਡਾ ਦੀ ਕੌਮੀ ਆਮਦਨ ਨਾਲ ਸਬੰਧ ਹੈ। ਭਾਵੇਂ ਕਿ ਸੂਬੇ ਦੇ ਕੁਦਰਤੀ ਭੰਡਾਰਾਂ ਦਾ ਆਪਣਾ ਹਿੱਸਾ ਹੈ ਪਰ ਸੂਬੇ ਵਿਚ ਬਾਹਰੋਂ ਪੈਸਾ ਲਾਉਣਾ ਅਤੇ ਲੋਕਾਂ ਦਾ ਇਥੇ ਆਉਣ ਦਾ ਭੀ ਆਰਥਿਕਤਾ ਤੇ ਸਿਆਸੀ ਹਾਲਾਤ ਨਾਲ ਸੰਬੰਧ ਹੈ। ਰਾਜਨੀਤੀ ਭੀ ਆਰਥਿਕਤਾ ਵਿਚੋਂ ਨਿਕਲਦੀ ਤੇ ਸੰਬੰਧਤ ਹੈ। ਪਹਿਲੀ ਸੰਸਾਰ ਜੰਗ ਤੋਂ ਪਿਛੋਂ ਬੀ ਸੀ ਦੀ ਆਰਥਿਕਤਾ ਦਾ ਵਾਧਾ ਰੇਟ ਘਟਿਆ ਹੈ — 1920 ਤੀ 1940 ਤਕ ਕੋਈ ਤਿੰਨ ਫੀ ਸਦੀ ਗਰੌਸ ਪੈਦਾਵਾਰ ਹੋਈ ਅਤੇ ਤਨਖਾਹਾਂ ਵਿਚ ਭੀ ਇਸ ਦਰ ਨਾਲ ਹੀ ਵਾਧਾ ਹੋਇਆ। 1940 ਤੋਂ ਪਿਛੋਂ ਘਰੇਲੂ ਆਰਥਿਕਤਾ ਦੇ ਰੇਟ ਵਿਚ ਕੌਮੀ ਪੱਧਰ ਨਾਲੋਂ ਜ਼ਿਆਦਾ ਵਾਧਾ ਹੋਇਆ (ਕੋਈ ਪੌਣੇ ਛੇ ਫੀ ਸਦੀ)। ਇਸ ਵਾਧੇ ਦਾ ਵੱਡਾ ਹਿੱਸਾ ਧਨੀਆਂ ਤੇ ਮਾਲਕਾਂ ਦੀ ਜੇਬ ਵਿਚ ਗਿਆ।

ਬੀ ਸੀ ਦੀਆਂ ਸੋਕਰਡ ਸਰਕਾਰਾਂ ਨੇ ਘਾਟੇ ਜਾਂ ਖਸਾਰੇ ਨੂੰ ਪੂਰਾ ਕਰਨ ਦੇ ਨਾਮ ਉਪਰ ਕਈ ਲੇਬਲਾਂ ਵਾਲੇ ਪਰੋਗਰਾਮ ਲਿਆਂਦੇ ਜਿਹਨਾਂ ਦਾ ਨਿਚੋੜ ਇਹ ਹੈ ਕਿ ਮਜ਼ਦੂਰਾਂ ਦੀਆਂ ਤਨਖਾਹਾਂ ਤੇ ਪਾਬੰਦੀਆਂ, ਸੋਸ਼ਲ ਸਰਵਸਿਜ਼ ਵਿਚ ਭਾਰੀ ਕਟੌਤੀਆਂ, ਵਿਦਿਆ ਤੇ ਕੁਹਾੜਾ, ਲੋਕਾਂ ਉਪਰ ਭਾਰੀ ਟੈਕਸ ਅਤੇ ਧਨੀਆਂ ਨੂੰ ਕਈ ਛੋਟਾਂ। ਉਨਤੀ, ਹੋਰ ਕੰਮ ਆਦਿ ਦੇ ਨਾਮ ਉਪਰ ਦਸਤਕਾਰੀ ਆਦਿ

ਲਾਉਣ ਦੇ ਨਾਮ ਤੇ ਕਈ ਟੈਕਸ ਛੋਟਾਂ ਦਿੱਤੀਆਂ ਗਈਆਂ ਹਨ ਜਿਸ ਦਾ ਸਗੋਂ ਸਿੱਟਾ ਇਹ ਹੈ ਕਿ ਵੱਡੀਆਂ ਕੰਪਨੀਆਂ ਕਨੇਡਾ ਵਿਚੋਂ ਹੋਏ ਮੁਨਾਫੇ ਵਿਚੋਂ ਥੋੜਾ ਜਿਹਾ ਪੈਸਾ ਲਾ ਕੇ ਅਤੇ ਬਾਕੀ ਦਾ ਇਥੋਂ ਹੀ ਬੈਂਕਾਂ ਵਿਚੋਂ ਲੈ ਕੇ ਕੰਮ ਆਰੰਭਦੇ ਹਨ ਪਰ ਨਾਲ ਹੀ ਪੰਜ ਤੋਂ ਦਸ ਸਾਲਾਂ ਲਈ ਭਾਰੀਆਂ ਟੈਕਸ ਛੋਟਾਂ। ਇਸ ਦੀ ਜ਼ਿਆਦਾ ਵਰਤੋਂ ਅਮਰੀਕਾ ਦੇ ਧਨੀਆਂ (ਜੋ ਕਈ ਸਿੱਧੇ ਜਾਂ ਟੇਢੇ ਢੰਗਾਂ ਨਾਲ ਮਾਲਕ ਹਨ) ਨੇ ਲਾਹਾ ਉਠਾਇਆ ਹੈ।

ਮੋਰਾਇਰਟੀ ਨੇ ਦਸਤਕਾਰੀ ਵਿਕਾਸ ਕੌਂਸਲ ਦੇ ਸਰਵੇ ਵਿਚ ਆਖਿਆ ਹੈ ਕਿ "ਇਹਨਾਂ ਸਰਵੇਖਣਾਂ ਰਾਹੀਂ ਜੋ ਅਮਲੀ ਲੱਭਤਾਂ ਅਤੇ ਜਨਰਲ ਨਤੀਜੇ ਕੱਢੇ ਗਏ ਹਨ ਉਹ ਸਿਧਾਂਤਕ ਤੌਰ ਤੇ ਦਰੁਸਤ, ਬਾ-ਦਲੀਲ ਅਤੇ ਇਕ ਸੁਰਤਾ ਵਾਲੇ ਹਨ। ਜਿਹਨਾਂ ਨਤੀਜਿਆਂ ਨੂੰ ਚੈਲਿੰਜ ਕਰਨਾ ਮੁਸ਼ਕਲ ਹੈ। ਇਸ ਵਾਰੇ ਹੋਰ ਖੋਜ ਲਈ ਆਖਣਾ ਅਯੋਗ ਤੇ ਬੇਅਰਥ ਹੈ।" ਬੀ ਸੀ ਦੇ ਮਾਲਕਾਂ ਦੀ ਕੌਂਸਲ ਨੇ ਭੀ ਇਹੀ ਨਤੀਜਾ ਕੱਢਿਆ। ਸੋ ਟੈਕਸ ਢਾਂਚੇ ਨਾਲ ਤਾਂ ਅਮੀਰਾਂ ਨੂੰ ਹੀ ਲਾਭ ਹੁੰਦਾ ਹੈ ਅਤੇ ਹੁਣ ਕਨੇਡਾ ਦੇ ਵਿੱਤ ਮੰਤਰੀ ਵਲੋਂ ਟੈਕਸ ਸੁਧਾਰਾਂ ਦੇ ਸੁਝਾਅ ਭੀ ਆਮ ਤੌਰ ਤੇ ਅਮੀਰਾਂ ਦੇ ਹੱਕ ਦੇ ਹਨ। ਬਹੁਤ ਸਾਰੀ ਸੈਕੰਡਰੀ ਦਸਤਕਾਰੀ ਨਾਲ ਸਬੰਧਤ ਫਰਮਾਂ ਟੈਕਸ ਅਤੇ ਰੈਂਟ ਸਾਧਨਾਂ ਰਾਹੀਂ ਹੋਰ ਮੁਨਾਫੇ ਬਣਾਉਂਦੀਆਂ ਅਤੇ ਕਨੇਡਾ ਤੋਂ ਬਾਹਰ ਭੇਜ ਦਿੰਦੀਆਂ ਹਨ। ਇਸ ਨਾਲ ਬੀ ਸੀ ਦੀ ਸੈਕੰਡਰੀ ਦਸਤਕਾਰੀ ਵਿਚ ਵਾਧੇ ਦੀ ਥਾਂ ਰੁਕਾਵਟ ਪੇਸ਼ ਆਉਂਦੀ ਹੈ। ਬਹੁਕੌਮੀ ਕਾਰਪੋਰੇਸ਼ਨਾਂ ਬੀ ਸੀ ਵਿਚ ਮੂਲ ਬੁਨਿਆਦੀ ਦਸਤਕਾਰੀ ਵਿਚ ਪੈਸਾ ਲਾਉਣ ਨੂੰ ਤਿਆਰ ਨਹੀਂ ਅਤੇ ਲੋਕਲ ਵੱਡੀਆਂ ਮੱਛੀਆਂ ਤੇ ਨਿਰਭਰ ਹਨ ਕਿਉਂਕਿ ਸੋਕਰਡ ਸਰਕਾਰ ਵੀ ਵੱਡੀਆਂ ਤੋਪਾਂ ਦੇ ਹੱਕ ਵਿਚ ਹੈ। ਇਥੋਂ ਤੱਕ ਕਿ ਬੀ ਸੀ ਪ੍ਰੀਮੀਅਰ ਤਾਂ ਨਸਲਵਾਦੀ ਦੱਖਣੀ ਅਫਰੀਕਾ ਨਾਲ ਭੀ ਵਪਾਰ ਕਰਨ ਲਈ ਆਖ ਰਿਹਾ ਹੈ। ਧਨੀਆਂ ਦੀ ਹੋਰ ਲੁੱਟ ਲਈ "ਫਰੀ ਦਸਤਕਾਰੀ ਜ਼ੋਨ" ਸਥਾਪਤ ਕਰਨ ਲਈ ਆਖ ਰਿਹਾ ਹੈ ਜਿਥੇ ਕੋਈ ਯੂਨੀਅਨ, ਘੱਟੋ ਘੱਟ ਤਨਖਾਹ ਛੁੱਟੀ ਬੀਮਾ ਬੇਰੁਜ਼ਗਾਰੀ ਭੱਤਾ ਆਦਿ ਵਾਰੇ ਕੋਈ ਰੂਲ ਜਾਂ ਨਿਯਮ ਨਹੀਂ ਹੋਣਗੇ।

ਰਹਿਣ ਸਹਿਣ ਤੇ ਜੀਵਨ ਦੇ ਖਰਚੇ ਵਧ ਰਹੇ ਹਨ ਅਤੇ ਸੋਕਰਡ ਸਰਕਾਰ ਦੀਆਂ ਨੀਤੀਆਂ ਦੇ ਕਾਰਨ ਮਜ਼ਦੂਰਾਂ ਅਤੇ ਆਬਾਦੀ ਦੇ ਗਰੀਬ ਸੈਕਸ਼ਨਾਂ ਦੀ ਹਾਲਤ ਉਤੇ ਮਾਰੂ ਅਸਰ ਪਾਉਂਦੀਆਂ ਹਨ। ਇਸ ਨਾਲ ਹੋਰ ਟੱਕਰਾਂ ਵਧਣੀਆਂ ਜ਼ਰੂਰੀ ਹਨ। ਧਨੀ ਪੱਖੀ ਨੀਤੀਆਂ ਦੇ ਕਾਰਨ ਕਈ ਉਲਝਣਾਂ ਪੈਦਾ ਹੁੰਦੀਆਂ ਤੇ ਟਕਰਾਉ ਵਾਧੇ ਹੁੰਦੇ ਹਨ। 1981-82 ਵਿਚ ਗਰੌਸ ਘਰੇਲੂ ਪੈਦਾਵਾਰ ਵਿਚ ਕੋਈ ਪੰਜ ਫੀ ਸਦੀ ਘਾਟਾ ਆਇਆ। ਲੱਕੜ ਦਸਤਕਾਰੀ, ਸ਼ਿਂਗਲ ਤੇ ਪਲਾਈਵੁਡ ਭੀ ਕੋਈ ਛੇ ਫੀਸਦੀ ਥੱਲੇ ਨੂੰ ਗਈ। ਕਾਗਜ਼ ਦਸਤਕਾਰੀ ਦੀ ਆਰਥਕਤਾ ਸਵਾ ਫੀ ਸਦੀ ਘਟੀ। ਪਰ ਉਸਾਰੀ (ਕਨਸਟਰੱਕਸ਼ਨ) ਦਸਤਕਾਰੀ ਵਿਚ ਸਾਢੇ ਪੰਦਰਾਂ ਫੀ ਸਦੀ ਨਿਘਾਰ ਆਇਆ। ਸਰਵਿਸ ਦਸਤਕਾਰੀ ਵਿਚ ਕੋਈ ਉਤਾਰ ਨਹੀਂ ਬਲਕਿ ਉਸ ਪੱਧਰ ਤੇ ਜਾਂ ਉਨਤੀ ਵੱਧ ਰਹੀ। ਬੀ ਸੀ ਵਿਚ ਧਾਤ ਤੇ ਕੋਲਾ ਖਾਣਾਂ ਉਸ ਚਲਦੇ ਪੱਧਰ ਤੇ ਰਹੀਆਂ। ਕੋਲਾ ਕੱਢਣ ਤੋਂ ਬੀ ਸੀ ਨੂੰ ਮੁਨਾਫੇ ਦੀ ਥਾਂ ਸਗੋਂ ਸੋਕਰਡ ਸਰਕਾਰ ਨੇ ਕੌਡੀਆਂ ਦੇ ਭਾਅ ਦੇ ਦਿੱਤਾ। ਅਰਬਾਂ ਡਾਲਰ ਦਾ ਕੋਲਾ ਜਾਪਾਨ ਨੇ ਕੱਢ ਕੇ ਲਿਜਾਣਾ ਹੈ ਅਤੇ ਸਰਕਾਰ ਦੀ ਇਸ ਕੋਲੇ ਸੰਬੰਧੀ ਆਮਦਨ ਖਰਚ ਦੀ ਚੀਰ ਫਾੜ ਦੀ ਰੀਪੋਰਟ ਦੀਆਂ ਧਾਰਨਾਵਾਂ ਦਲੀਲ ਰਹਿਤ ਸਨ। ਸਰਕਾਰੀ ਨੀਤੀਆਂ ਨੇ ਜੋ ਆਦੀ ਵਾਸੀਆਂ ਦੀ ਹਾਲਤ ਕੀਤੀ ਹੈ, ਉਹ ਬਹੁਤ ਘਿਨਾਉਣੀ ਹੈ — ਉਹਨਾਂ ਦੇ ਜ਼ਮੀਨਾਂ ਦੇ ਕਲੇਮ ਤੇ ਹੋਰ ਹੱਕਾਂ ਤੇ ਛਾਪੇ ਮਾਰੇ ਗਏ ਹਨ।

ਅਤਿ ਗਰੀਬੀ ਦਾ ਸ਼ਿਕਾਰ ਜਿਹਨਾਂ ਨੂੰ ਬੇਰੁਜ਼ਗਾਰੀ ਭੱਤਾ ਵੀ ਨਹੀਂ ਅਤੇ ਵਿਲਫੇਅਰ ਭੀ ਬਹੁਤ ਘੱਟ ਹੈ ਉਹਨਾਂ ਲਈ ਬੀ ਸੀ ਫੂਡ ਬੈਂਕ (ਜਿਵੇਂ ਅਮਰੀਕਾ ਵਿਚ "ਸੂਪ ਕਿਚਨ" ਤੇ "ਫੂਡ ਬੈਂਕ" ਹਨ) ਅਤੇ ਰੋਟੀ ਲਈ ਕਤਾਰ ਵਿਚ ਖੜ੍ਹਨਾ, ਸਾਫ ਜ਼ਾਹਰ ਕਰਦਾ ਹੈ ਸੋਕਰਡ ਸਰਕਾਰ ਦੀਆਂ ਨੀਤੀਆਂ ਨੇ ਲੋਕਾਂ ਦੀ ਕਿੰਨੀ ਮੰਦੀ ਹਾਲਤ ਕੀਤੀ ਹੋਈ ਹੈ। 1985 ਵਿਚ ਇਕੱਲੇ ਵੈਨਕੂਵਰ ਵਿਚ 263890 ਖੁਰਾਕ ਦੇ ਥੈਲੇ ਗਰੀਬ ਲੋਕਾਂ ਨੂੰ ਦਿੱਤੇ ਗਏ। ਫੈਡਰਲ ਸਰਕਾਰ ਇਸ ਗੰਭੀਰ ਮਸਲੇ ਵਾਰੇ ਸੋਚਦੀ ਹੀ ਨਹੀਂ। ਸੋਕਰਡ ਆਖਦੇ ਹਨ ਸਕੂਲਾਂ ਵਿਚ ਭੁੱਖੇ ਬੱਚੇ ਭੀ ਉਹਨਾਂ ਦੀ ਜ਼ਿਮੇਵਾਰੀ ਨਹੀਂ। ਬੀ ਸੀ ਦੀ ਸਰਕਾਰ ਤਾਂ ਸਗੋਂ ਆਖ ਰਹੀ ਹੈ ਕਿ ਨਿਆਸਰੇ ਭੁਖੇ ਗਰੀਬਾਂ ਦੀ ਮੱਦਦ ਪ੍ਰਾਈਵੇਟ ਧਾਰਮਿਕ ਜਾਂ ਦਾਨੀ ਅਦਾਰੇ ਇਹਨਾਂ ਦੀ ਦੇਖਭਾਲ ਕਰਨ। ਸਟੇਟ ਤੇ ਅਮੀਰ ਗਰੀਬੀ ਤੇ ਘੱਟ ਤਨਖਾਹਾਂ ਰੱਖਣਾ ਚਾਹੁੰਦੇ ਹਨ ਜਿਸ ਰਾਹੀਂ ਯੂਨੀਅਨ ਤੋੜਨ ਅਤੇ ਮਜ਼ਦੂਰ ਨੂੰ ਸੌਖ ਨਾਲ ਅਧੀਨ ਰੱਖਿਆ ਜਾ ਸਕੇ। ਥੈਚਰਿਜ਼ਮ, ਰੇਗਨਿਜ਼ਮ ਜਾਂ ਅਖੌਂ ਮੌਨੇਟਰੀ ਸਿਧਾਂਤ ਦੇ ਅਧੀਨ ਹੋ ਰਿਹਾ ਹੈ। ਸਮੂਹਕ ਤੌਰ ਤੇ ਕਰੜੇ ਘੋਲਾਂ ਰਾਹੀਂ ਜਿੱਤੀਆਂ ਪ੍ਰਾਪਤੀਆਂ ਨੂੰ ਖੋਰਨ ਦੇ ਯਤਨ ਹਨ। ਇਹ "ਫੂਡ ਬੈਂਕ" ਤੇ "ਸੂਪ ਕਿਚਨ", ਪਬਲਿਕ ਰਾਏ ਅਤੇ ਮਸਲੇ ਨੂੰ ਗੰਧਲਾ ਕੀਤਾ ਜਾ ਰਿਹਾ। ਬੇਰੁਜ਼ਗਾਰੀ ਭੁਖ ਮਰੀ ਅਤੇ ਲੁੱਟ ਆਦਿ ਤਾਂ ਸਰਮਾਏਦਾਰੀ ਲੋਟੂ ਪ੍ਰਬੰਧ ਦੀ ਦੇਣ ਹੈ ਅਤੇ ਇਹਨਾਂ ਨੂੰ ਦੂਰ ਕਰਨ ਲਈ ਇਸ ਦੀ ਜੜ੍ਹ ਸਰਮਾਏਦਾਰੀ ਪ੍ਰਬੰਧ ਨੂੰ ਖਤਮ ਕਰਨਾ ਜ਼ਰੂਰੀ ਹੈ। ਇਹਨਾਂ ਫੂਡ ਬੈਂਕਾਂ ਦੇ ਹੁੰਦਿਆਂ ਬੇਰੁਜ਼ਗਾਰੀ ਭੱਤਾ, ਵੈਲਫੇਅਰ ਅਤੇ ਸਰਕਾਰੀ ਜ਼ਿਮੇਵਾਰੀ ਦਾ ਮਸਲਾ ਤੇਜ਼ੀ ਨਾਲ ਨਹੀਂ ਉਠਾਇਆ ਜਾਂਦਾ। ਇਥੋਂ ਤੱਕ ਕਿ ਫੌਰਜੇ ਰੀਪੋਰਟ, ਮੈਕਡੋਨਲਡ ਰੀਪੋਰਟ ਅਤੇ ਨੀਲਸਨ ਰੀਪੋਰਟ ਆਦਿ ਨੇ ਇਸ ਮਸਲੇ ਵਾਰੇ ਗੱਲ ਹੀ ਨਹੀਂ ਕੀਤੀ। ਸਗੋਂ ਇਸ "ਫੂਡ ਬੈਂਕ" ਮਸਲੇ ਨੂੰ ਭੀ ਅਮੀਰ ਵਰਤ ਸਕਦੇ ਹਨ ਕਿ ਟੈਕਸ ਬਚਾਉਣ ਲਈ ਇਹਨਾਂ ਅਦਾਰਿਆਂ ਨੂੰ ਦਾਨ ਦੇਣ।

ਇਸ ਲੋਕ ਵਿਰੋਧੀ, ਮਾਰ ਖੋਰੀ ਆਰਥਿਕ ਨੀਤੀ ਨੂੰ ਰੇਗਨਵਾਦ ਭੀ ਆਖਿਆ ਜਾ ਰਿਹਾ ਹੈ। ਇਹ ਉਹ ਨੀਤੀਆਂ ਹਨ ਜੋ ਗਰੀਬੀ ਵਧਾਉਂਦੀਆਂ, ਅਜ਼ਾਰੇਦਾਰੀ ਦੀ ਸੇਵਾ, ਫੌਜੀਵਾਦ, ਸਮਾਜਵਾਦ ਵਿਰੁਧ ਅੰਨੀ ਤੇਜ਼ ਸਹਿਰ ਪੈਦਾ ਤੇ ਤੇਜ਼ ਕਰਦੀਆਂ ਹਨ। ਕੌਮੀ ਸੈਕਟਰ ਨੂੰ ਖਤਮ ਕਰਕੇ ਪ੍ਰਾਈਵੇਟ ਹੱਥਾਂ ਵਿਚ ਦਿਤਾ ਜਾ ਰਿਹਾ ਹੈ। ਪਰ ਅਜ਼ਾਰੇਦਾਰਾਂ ਦੇ ਮੁਨਾਫੇ ਵਧਾਉਣ ਲਈ ਕਾਨੂੰਨ ਤੇ ਨਿਯਮ ਘੜੇ ਜਾ ਰਹੇ ਹਨ। ਪਿੱਛੇ ਖਿਚੂ ਲੋਕ ਮਜ਼ਦੂਰ ਵਰਗ ਅਤੇ ਯੂਨੀਅਨਾਂ ਨੂੰ ਤਨਖਾਹਾਂ ਵਧਾਉਣ ਦੇ ਮਸਲੇ ਤੇ ਸਿੱਕੇ ਦੇ ਫੈਲਾਅ ਦਾ ਪ੍ਰਚਾਰ ਕਰਦੇ ਹਨ ਜਦੋਂ ਕਿ ਅਸਲੀਅਤ ਵਿਚ ਧਨੀਆਂ ਦੇ ਮੁਨਾਫੇ ਇਸ ਸੰਕਟ ਲਈ ਜ਼ਿਮੇਵਾਰ ਹਨ। ਭਾਵੇਂ ਮਜ਼ਦੂਰ ਦੀ ਏਕਤਾ ਵਿਚ ਤਾਕਤ ਹੈ ਪਰ ਪੈਦਾਵਾਰੀ ਸਾਧਨਾਂ ਦੇ ਮਾਲਕ ਤੇ ਇਹਨਾਂ ਦੀਆਂ ਸਰਕਾਰਾਂ ਮਨਮਾਨੀ ਕਰਦੀਆਂ ਹਨ। ਸਗੋਂ ਨਵੀਂ

ਬੰਬੇ ਸਵੀਟਸ ਮੈਨੂਫੈਕਚਰਰ ਇਨਕ
ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!
BOMBAY SWEETS MANUFACTURER INC.
6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
NARESH SHUKLA & BROS.
$2.50 / ਪੌਂਡ ਵਾਲੀਆਂ ਜਲੇਬੀਆਂ $1.49
$2.50 / ਪੌਂਡ ਵਾਲੇ ਲੱਡੂ $1.75

ਟੈਕਨਾਲੋਜੀ ਨਾਲ ਤਾਂ ਪੈਦਾਵਾਰ ਵਧੀ ਅਤੇ ਚੀਜ਼ਾਂ ਬਣਾਉਣ ਤੇ ਢੋਣ ਆਦਿ ਵਿਚ ਸੌਖ ਹੋਈ ਜਿਸ ਕਾਰਨ ਖਰਚੇ ਘਟੇ ਹਨ ਅਤੇ ਸਗੋਂ ਕੀਮਤਾਂ ਘਟਣੀਆਂ ਚਾਹੀਦੀਆਂ ਹਨ। ਸਰਕਾਰ ਦੀ "ਆਮਦਨ ਨੀਤੀ" (ਇਨਕਮ ਪਾਲਸੀ) ਜੋ ਸਤਵੇਂ ਦਹਾਕੇ ਵਿਚ ਚਾਲੂ ਰਹੀ ਆਦਿ ਭੀ ਤਨਖਾਹਾਂ ਤੇ ਰੋਕਾਂ ਲਈ ਸਨ। ਪੈਸੇ ਨੂੰ ਮਹਿੰਗੇ ਵਿਆਜ਼ ਤੇ ਇਸ ਕਰਕੇ ਦੇਣਾ ਕਿ ਇਸ ਦੀ ਰਕਮ ਜਾਂ ਕੁਲ ਪੈਸਾ ਘਟਾਇਆ ਜਾਏ। ਸਗੋਂ ਇਨਫਲੇਸ਼ਨ ਪੈਦਾ ਕਰਦਾ ਹੈ। ਪੈਸੇ ਦੀ ਤੰਗੀ ਕਰਨ ਦਾ ਸਿਧਾਂਤ ਚਿੱਲੀ ਵਿਚ ਟੈਸਟ ਕੀਤਾ ਅਤੇ ਪਿਛੋਂ ਤੁਰਕੀ ਆਦਿ ਵਿਚ ਪਰ ਸਿੱਟਾ ਇਹ ਨਿਕਲਿਆ ਕਿ ਇਨਫਲੇਸ਼ਨ ਹੋਰ ਜ਼ਿਆਦਾ ਵਧਿਆ। ਇਸ ਨਾਲ ਅਜ਼ਾਰੇਦਾਰਾਂ ਨੂੰ ਲਾਭ ਤੇ ਕੌਮੀ ਆਰਥਕਤਾ ਨੂੰ ਨੁਕਸਾਨ ਹੋਇਆ। ਕਨੇਡਾ ਵਿਚ ਭੀ ਇਹ ਫੇਅਲ ਹੋਇਆ। ਮਿਲਟਨ ਫਰੀਡਮੇਨ ਦੇ ਇਸ ਸਿਧਾਂਤ ਕਿ ਪੈਸੇ ਦੀ ਸਪਲਾਈ ਘਟਾ ਦਿਉ ਤੇ ਮਹਿੰਗੀ ਕਰ ਦਿਉ ਨਾਲ ਦਸਤਕਾਰੀ ਵਿਚ ਖੜੋਤ, ਬੇਰੁਜ਼ਗਾਰੀ ਵਿਚ ਵਾਧਾ, ਤਨਖਾਹਾਂ ਵਿਚ ਘਾਟਾ ਤੇ ਖਪਤ ਘਟਦੀ ਹੈ।

ਆਰਥਕਤਾ ਵਿਚ 'ਸਥਿਰਤਾ' ਜਾਂ "ਬੰਦਸ਼", "ਰੋਕ" ਆਦਿ ਦੇ ਨਾਅਰੇ ਤੇ ਨੀਤੀ ਹਾਕਮ ਜਮਾਤ ਦੀ ਸਖਤੀ, ਬੇ-ਇਨਸਾਫੀ ਅਤੇ ਧੱਕੇ ਸ਼ਾਹੀ ਨੂੰ ਵਧਾਉਂਦੀ ਹੈ। ਜਦੋਂ ਧਨੀ 'ਸਟੇਟ ਦੀ ਦਖਲ ਅੰਦਾਜ਼ੀ' ਦੀ ਗੱਲ ਕਰਦੇ ਹਨ ਤਾਂ ਉਹ ਮਜ਼ਦੂਰਾਂ ਦੀਆਂ ਰਿਆਇਤਾਂ ਅਤੇ ਸਰਕਾਰ ਦੀਆਂ ਸਮਾਜਿਕ ਸੇਵਾਵਾਂ ਤੇ ਨੁਕਤਾਚੀਨੀ ਤੇ ਘਟਾਉਣ ਦੀ ਗੱਲ ਕਰਦੇ ਹਨ ਜੋ ਸਰਮਾਏਦਾਰਾਂ ਦੇ ਲਾਭਾਂ ਦੀ ਰਾਖੀ ਲਈ ਹੈ। ਇਹਨਾਂ "ਲੇਬਲਾਂ" ਵਾਲੀ ਨੀਤੀ (ਜੋ ਬੀ ਸੀ ਵਿਚ ਕਈ ਸਾਲਾਂ ਤੋਂ ਚਾਲੂ ਹੈ) ਨੇ ਨਾ ਤਾਂ ਬੇਰੁਜ਼ਗਾਰੀ ਘਟਾਈ ਅਤੇ ਨਾ ਹੀ ਬੀ ਸੀ ਦਾ ਕਰਜ਼ਾ ਘਟਾਇਆ। ਸਗੋਂ ਸੂਬੇ ਦੇ ਖਸਾਰੇ (ਘਾਟੇ) ਵਿਚ ਵਾਧਾ ਹੋਇਆ ਹੈ। ਸਟੇਟ ਦੇ "ਕਰਜ਼ੇ ਦੀ ਹੱਦ ਬੰਨਣ' ਜਾਂ "ਸੀਮਤ" ਕਰਨ ਦੀਆਂ ਗੱਲਾਂ ਭੀ ਲੋਕਾਂ ਦਾ ਇਸ ਢੰਗ ਦਾ ਦਿਮਾਗ ਤੇ ਸੋਚਣੀ ਬਣਾਉਣ ਦਾ ਹੈ ਕਿ ਉਹ ਕੀਤੀਆਂ ਪ੍ਰਾਪਤੀਆਂ ਵਿਚ ਕਟੌਤੀਆਂ ਨੂੰ ਸਵੀਕਾਰ ਕਰ ਲੈਣ, ਧਨੀਆਂ ਦੀਆਂ ਕੋਲਾ ਤੇ ਰਲੇ ਕੰਪਨੀਆਂ ਨੂੰ ਗਰਾਟਾਂ ਤੇ ਮਾਲੀ ਮੱਦਦ ਦਿਤੀ ਹੈ। 'ਸਥਿਰਤਾ' 'ਮੁੜ ਆਰਥਿਕ ਬਹਾਲੀ' ਆਦਿ ਦੀਆਂ ਨੀਤੀਆਂ ਤੇ ਪਰਚਾਰ ਸਰਮਾਏਦਾਰੀ ਦੇ ਜਮਾਂਦਰੂ ਤੇ ਅਟੁੱਟ ਅੰਗ ਸੰਕਟ ਤੋਂ ਛੁਟਕਾਰਾ ਤਾਂ ਸਮਾਜਵਾਦ ਵਿਚ ਹੀ ਹੋ ਸਕਦਾ ਹੈ। ਨਹੀਂ ਤਾਂ ਚੱਕਰ ਵਿਚ ਸੱਤ ਕੁ ਸਾਲ ਪਿਛੋਂ ਸੰਕਟ ਆਉਂਦਾ ਹੈ ਅਤੇ ਹੋਰ ਗੰਭੀਰ ਤੇ ਡੂੰਘਾ ਹੁੰਦਾ ਹੈ।

ਸਰਮਾਏਦਾਰੀ ਢਾਂਚੇ ਵਿਚ ਤਾਂ ਜਮਾਤੀ ਵਿਰੋਧਤਾਈਆਂ ਰਹਿਣਗੀਆਂ ਅਤੇ ਹੋਰ ਤਿੱਖੀਆਂ ਹੋਣਗੀਆਂ। ਲੋਕ ਹਿਤੂ ਸਮਾਜਵਾਦੀ ਵਿਚਾਰਧਾਰਾ ਦੇ ਲੋਕ ਜਾਣਦੇ ਹਨ ਕਿ ਸਰਮਾਏਦਾਰੀ ਪ੍ਰਬੰਧ ਵਿਚ ਰਹਿੰਦੇ ਹੋਏ ਸਮਾਜੀ ਟੱਕਰਾਂ ਤੇ ਜਮਾਤੀ ਵਿਰੋਧਤਾਈਆਂ ਦਾ ਹੱਲ ਨਹੀਂ ਹੋ ਸਕਦਾ। ਅਸਲੀ ਗੱਲ ਤਾਂ ਪ੍ਰਬੰਧ ਬਦਲ ਕੇ ਸਮਾਜਵਾਦ ਵਿਚ ਹੈ। ਪਰ ਇਸ ਹਲ ਵੱਧ ਵਧਣ ਤੇ ਵਧਦੇ ਹੋਏ ਰੋਜ਼ ਵਾਪਰਦੀਆਂ ਘਟਨਾਵਾਂ ਤੇ ਦਰਪੇਸ਼ ਮਸਲਿਆਂ ਤੇ ਘੋਲ ਕਰਨਾ ਅਤੇ ਲੋਕ ਵਿਰੋਧੀ ਨੀਤੀਆਂ ਵਿਰੁਧ ਲੜਾਈ ਦੇਣੀ ਭੀ ਜ਼ਰੂਰੀ ਹੈ ਜਿਸ ਦੇ ਉਪਰ ਲੋਕਾਂ ਨੂੰ ਸੂਝ ਦੇਣੀ, ਚੇਤਨ ਕਰਨਾ ਅਤੇ ਲਾਮਵੰਦ ਕਰਨਾ ਜ਼ਰੂਰੀ ਹੈ। ਤਨਖਾਹਾਂ, ਜੀਵਨ ਪੱਧਰ, ਸੇਹਤ, ਵਿਦਿਆ, ਯੂਨੀਅਨ ਤੇ ਸਮਾਜੀ ਸੇਵਾਵਾਂ ਲਈ ਲੜਾਈ ਜੀਵਨ ਦੀਆਂ ਰੋਜ਼ਾਨਾ ਜੱਦੋ ਜਹਿਦਾਂ ਹਨ ਅਤੇ ਇਹਨਾਂ ਉਪਰ ਲੜਾਈ ਦੇ ਕੇ ਅਗੇ ਤੋਰਨਾ ਜ਼ਰੂਰੀ ਹੈ। ਸਰਮਾਏਦਾਰ ਹਾਕਮ ਦਾ ਪ੍ਰਚਾਰ ਭੀ ਕਈ ਫਰੇਬੀ ਢੰਗਾਂ ਨਾਲ ਕੀਤਾ ਜਾਂਦਾ ਹੈ ਜਿਸ ਦਾ ਅਸਰ ਪੈਂਦਾ ਹੈ। ਇਸ ਵਿਰੁੱਧ ਭੀ ਲੜਾਈ ਜ਼ਰੂਜੀ ਹੈ। ਇਸ ਦੀ ਨਿੱਜੀ ਸੋਚ ਨੂੰ ਬਾਹਰ ਦੀਆਂ ਅਸਲੀ ਹਾਲਤਾਂ ਦੇ ਅਨੁਸਾਰ ਕਰਕੇ ਤੋਰਨਾ ਹੈ। ਬਾਹਰ ਦਾ ਮਾਹੌਲ ਤੇ ਘਟਨਾਵਾਂ ਸੋਚਣੀ ਬਣਾਉਂਦੇ ਹਨ। ਜਦੋਂ ਲੋਕ ਮਸਲੇ ਦੀ ਜੜ੍ਹ ਸਮਝ ਜਾਣ ਅਤੇ ਸੋਚਣੀ ਉਸ ਨਾਲ ਮੇਲ ਖਾ ਜਾਏ ਤਾਂ ਭਵਿਖ ਘੜਨ ਵਿਚ ਸੌਖ ਹੋ ਜਾਏਗੀ। ਸੋ ਸਰਮਾਏਦਾਰੀ ਦੇ ਝੂਠੇ ਪਰਚਾਰ ਨੂੰ ਭੀ ਨੰਗਾ ਕਰਨਾ ਹੈ। ਸੰਕਟ ਵਿਚੋਂ ਡਰ ਤੇ ਗੁੱਸਾ ਪੈਦਾ ਹੁੰਦਾ ਹੈ। ਕਈ ਵਾਰ ਆਪ ਮੁਹਾਰੇ ਘਟਨਾਵਾਂ ਵਾਪਰਦੀਆਂ ਅਤੇ ਲੋਕ ਉਠਦੇ ਹਨ। ਪਰ ਲੋਕਾਂ ਦਾ ਆਪ ਮੁਹਾਰਾ ਉਬਾਲ ਤੇ ਰੋਹ ਮਜ਼ਦੂਰ ਵਰਗ ਨੂੰ ਚੇਤੰਨ ਸਹੀ ਸੇਧ ਨਹੀਂ ਦੇ ਸਕਦਾ। ਉਸ ਮੁਹਾਣ ਨੂੰ ਸਮਝਣਾ ਸਾਂਭਣਾ ਅਤੇ ਜਥੇਬੰਦਕ ਢੰਗ ਨਾਲ ਮਜ਼ਦੂਰ ਜਮਾਤ ਦੇ ਹਿਤਾਂ ਤਹਿਤ ਅੱਗੇ ਖੜਨਾ ਜ਼ਰੂਰੀ ਹੈ ਮਾਰਕਸ ਨੇ ਆਖਿਆ ਹੈ ਕਿ "**ਕਮਿਊਨਿਸਟਾਂ ਦੇ ਸਮੁਚੀ ਮਜ਼ਦੂਰ ਜਮਾਤ ਤੋਂ ਵੱਖਰੇ ਅਤੇ ਜੁਦੇ ਕੋਈ ਹਿਤ ਨਹੀਂ ਹਨ।**"

●

---

ਸਫ਼ਾ 6 ਦੀ ਬਾਕੀ

ਦੀਆਂ ਬਹੁ ਕੌਮੀ ਕਾਰਪੋਰੇਸ਼ਨਾਂ ਨੇ ਓਥੇ ਅਨੇਕਾਂ ਕਾਰਖਾਨੇ ਖੋਲੇ ਹੋਏ ਹਨ। ਜਿਥੇ ਸਸਤੀ ਮਜ਼ਦੂਰੀ ਉਪਰ ਕੰਮ ਕਰਵਾ ਕੇ ਵੱਡੀਆਂ ਲੁੱਟਾਂ ਕੀਤੀਆਂ ਜਾ ਰਹੀਆਂ ਹਨ, ਜਿਸ ਦਾ ਅਸਰ ਖੁਦ ਅਮਰੀਕਾ ਅੰਦਰ ਵੱਡੀ ਬੇਰੁਜ਼ਗਾਰੀ ਦੇ ਲਗਾਤਾਰ ਟਿਕੇ ਰਹਿਣ ਵਿਚ ਨਿਕਲ ਰਿਹਾ ਹੈ।

ਇਸ ਤਰ੍ਹਾਂ ਦੱਖਣੀ ਕੋਰੀਆ ਵਿਚ ਲੋਕਾਂ ਦੀ ਜਿੱਤ ਅਮਰੀਕਾ ਦੇ ਪਿਠੂ ਡਿਕਟੇਟਰ ਦੇ ਡਿੱਗਣ ਵਿਚ, ਕੋਰੀਆ ਦੇ ਇਕ ਹੋਣ ਵਿਚ, ਅਮਰੀਕੀ ਬਹੁਕੌਮੀ ਕਾਰਪੋਰੇਸ਼ਨਾਂ ਦੇ ਆਰਥਕ ਹਿਤਾਂ ਨੂੰ ਅਤੇ ਅਮਰੀਕੀ ਸਾਮਰਾਜ ਦੇ ਸਾਮਰਾਜੀ ਆਧਾਰ ਨੂੰ ਇਕ ਕਰਾਰੀ ਸੱਟ ਮਾਰਦੀ ਹੈ, ਜੋ ਕਿ ਅਗੋਂ ਹੋਰਨਾਂ ਥਾਵਾਂ ਉਪਰ ਸਾਮਰਾਜ ਦੀਆਂ ਪੋਜ਼ੀਸ਼ਨਾਂ ਨੂੰ ਕਮਜ਼ੋਰ ਕਰਦੀ ਹੋਈ ਹਾਰਾਂ ਵਿਚ ਤਬਦੀਲੀ ਕਰੇਗੀ।

ਇਸ ਤਰ੍ਹਾਂ ਸਾਡਾ ਅੱਜ ਦਾ ਯੁਗ ਪੂੰਜੀਵਾਦ ਤੋਂ ਸਮਾਜਵਾਦ ਵੱਲ ਤਬਦੀਲੀ ਦੀਆਂ ਹੋਰ ਘੁਲਾਂਘਾ ਭਰਦਾ, ਅਗੇ ਤੁਰੇਗਾ। ਜਿਸ ਦਾ ਅਰਥ ਹੋਵੇਗਾ ਹੋਰ ਕਰੋੜਾਂ ਲੋਕਾਂ ਲਈ ਅਮਨ ਭਰਿਆ ਚੰਗੇਰਾ ਜੀਵਨ ਅਤੇ ਭਵਿਖ।

---

ਸਫ਼ਾ 4 ਦੀ ਬਾਕੀ

ਵਿਚ ਨਿਖੇਧੀ ਕਰਦੇ ਹਾਂ ਅਤੇ ਉਨ੍ਹਾਂ ਦੇ ਪ੍ਰਵਾਰਾਂ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ, ਏਥੇ ਕੈਨੇਡਾ ਵਿਚ ਦੇ ਭਾਰਤੀ ਲੋਕਾਂ ਖਾਸ ਕਰਕੇ ਪੰਜਾਬੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਗੈਰਮਨੁੱਖੀ ਕਾਰੇ ਦੀ ਸਖਤ ਨਿਖੇਧੀ ਕਰਨ।


**ਪੰਜਾਬੀ ਮਾਰਕਿਟ ਵਿਚ**

# ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੁੱਤੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

**ਮਹਿੰਦਰ ਸਿੰਘ ਮਾਨ** **Mohinder Singh Mann**

**321-4353**

**MANN SHOE STORE**
**6570 MAIN ST., VANCOUVER, B.C.**

# ਰਾਸ਼ਟਰਪਤੀ ਦੀ ਚੋਣ—ਉਮੀਦਵਾਰ ਤੇ ਮੁੱਦੇ

*—ਈ. ਐਮ. ਐਸ ਨੰਬੂਦਰੀਪਦ*

ਜਦੋਂ ਰਾਸ਼ਟਰਪਤੀ ਪੱਦ ਲਈ ਅਪੋਜੀਸ਼ਨ ਦੇ ਸਾਂਝੇ ਉਮੀਦਵਾਰ ਦੇ ਤੌਰ ਤੇ ਸੁਪਰੀਮ ਕੋਰਟ ਦੇ ਸਾਬਕ ਜੱਜ ਕਰਿਸ਼ਨਾ ਆਇਰ ਦੇ ਨਾਂਅ ਦਾ ਐਲਾਨ ਹੋ ਗਿਆ ਤਾਂ ਇਸਤੇ ਟਿਪਣੀ ਕਰਦੇ ਹੋਏ ਇਕ ਪਤਰਕਾਰ ਮਿਤਰ ਨੇ ਮੈਨੂੰ ਕਿਹਾ 'ਅੰਤ ਭਲਾ ਸੋ ਹੋ ਭਲਾ।' ਇਕਤਰਾਂ ਨਾਲ ਉਸ ਦੀ ਗੱਲ ਠੀਕ ਵੀ ਸੀ, ਕਿਉਂਕਿ ਸਮੁਚੀ ਅਪੋਜੀਸ਼ਨ ਨੇ ਇਕ ਐਸੇ ਵਿਅਕਤੀ ਨੂੰ ਉਮੀਦਵਾਰ ਚੁਣਿਆ ਸੀ ਜਿਸ ਨੇ ਜੱਜ, ਵਿਧਾਇਕ, ਮੰਤਰੀ ਅਤੇ ਸਰਗਰਮ ਸਮਾਜਸੇਵਕ ਦੇ ਰੂਪ ਵਿਚ ਆਪਣੀ ਤਕੜੀ ਸ਼ਾਪ ਛਡੀ ਹੈ। ਇਹ ਗੱਲ ਕੋਈ ਨਹੀਂ ਕਹਿ ਸਕਦਾ ਕਿ ਜੱਜ ਆਇਰ ਉਸ ਸਰਵ ਉਚ ਅਹੁਦੇ ਤੇ ਬਿਰਾਜਮਾਨ ਹੋਣ ਦੇ ਯੋਗ ਨਹੀਂ ਹੈ, ਜਿਸ ਲਈ ਅਪੋਜੀਸ਼ਨ ਨੇ ਉਹਨਾਂ ਨੂੰ ਆਪਣਾ ਉਮੀਦਵਾਰ ਬਣਾਇਆ ਹੈ।

ਦਰਅਸਲ ਇਸ ਸਰਵਸੰਮਤ ਉਮੀਦਵਾਰ ਦੀ ਚੋਣ ਵਾਸਤੇ ਪ੍ਰਧਾਨ ਮੰਤਰੀ ਅਤੇ ਅਪੋਜੀਸ਼ਨ ਦੇ ਵਿਚਾਲੇ ਜੋ ਵਿਚਾਰ ਵਟਾਂਦਰਾ ਹੋਇਆ, ਉਸ ਦੌਰਾਨ ਜਸਟਿਸ ਆਇਰ ਦਾ ਨਾਂਅ ਵੀ ਵਿਚਾਰ ਅਧੀਨ ਆਇਆ ਸੀ। ਵਿਅਕਤੀਗਤ ਰੂਪ ਵਿਚ ਪ੍ਰਧਾਨ ਮੰਤਰੀ ਨੂੰ ਉਹਨਾਂ ਦੇ ਨਾਂਅ ਤੇ ਕੋਈ ਇਤਰਾਜ ਨਹੀਂ ਸੀ, ਲੇਕਨ ਰਜੀਵ ਗਾਂਧੀ ਨੇ ਉਹਨਾਂ ਦਾ ਨਾਂਅ ਇਸ ਵਾਸਤੇ ਮਨਜ਼ੂਰ ਨਹੀਂ ਕੀਤਾ, ਕਿਉਂਕਿ ਉਹ ਪਹਿਲਾਂ ਹੀ ਤਹਿ ਕਰ ਚੁਕੇ ਸੀ ਕਿ ਨਵਾਂ ਰਾਸ਼ਟਰਪਤੀ ਉਹਨਾਂ ਦੀ ਪਾਰਟੀ ਦਾ ਹੀ ਹੋਵੇਗਾ।

ਆਂਧਰਾ ਪ੍ਰਦੇਸ਼ ਦੇ ਮੁਖ ਮੰਤਰੀ ਅਤੇ ਤੇਲਗੂ ਦੇਸ਼ਮ ਦੇ ਪ੍ਰਧਾਨ ਸ੍ਰੀ ਐਨ. ਟੀ. ਰਾਮਾ ਰਾਓ, ਜਨਤਾ ਪਾਰਟੀ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਅਤੇ ਇਹਨਾਂ ਸਤਰਾਂ ਦੇ ਲਿਖਾਰੀ ਉਪਰ ਅਧਾਰਤ ਤਿੰਨ ਮੈਂਬਰੀ ਚੋਣ ਕਮੇਟੀ ਨੇ ਅਪੋਜੀਸ਼ਨ ਦੇ ਸਾਂਝੇ ਉਮੀਦਵਾਰ ਦੇ ਤੌਰ 'ਤੇ ਕ੍ਰਿਸ਼ਨਾ ਆਇਰ ਦੀ ਚੋਣ ਕੀਤੀ ਅਤੇ ਇਹ ਫੈਸਲਾ ਕੀਤਾ ਕਿ ਕਮੇਟੀ ਅਪੋਜੀਸਨ ਪਾਰਟੀਆਂ ਦੇ ਸਾਹਮਣੇ ਉਹਨਾਂ ਦੇ ਨਾਅ ਦੀ ਸਿਫਾਰਸ਼ ਕਰੇਗੀ।

ਅਪੋਜੀਸ਼ਨ ਪਾਰਟੀਆਂ ਦੇ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀ ਮੀਟਿੰਗ 21 ਜੂਨ ਦੀ ਸਵੇਰ ਨੂੰ ਹੋ ਰਹੀ ਸੀ। ਰਾਮਾ ਰਾਓ ਅਤੇ ਚੰਦਰ ਸ਼ੇਖਰ ਇਹ ਜਾਨਣਾ ਚਾਹੁੰਦੇ ਸੀ ਕਿ ਕੀ ਗਿਆਨੀ ਜ਼ੈਲ ਸਿੰਘ ਅਪੋਜੀਸ਼ਨ ਦਾ ਸਾਂਝਾ ਉਮੀਦਵਾਰ ਬਨਣ ਲਈ ਤਿਆਰ ਹੋ ਜਾਣਗੇ। ਉਨ੍ਹਾਂ ਦਾ ਸੁਆਲ ਸੀ ਕਿ ਜੇ ਜ਼ੈਲ ਸਿੰਘ ਤਿਆਰ ਹੋ ਜਾਣ ਤਾਂ ਉਹਨਾਂ ਦੇ ਚੋਣ ਜਿਤਣ ਦੀ ਸੰਭਾਵਨਾ ਵਧੇਰੇ ਹੋ ਸਕਦੀ ਹੈ। ਇਸ ਲਈ ਉਹਨਾਂ ਨੇ ਆਖਰੀ ਫੈਸਲੇ ਨੂੰ 22 ਜੂਨ ਦੁਪਹਿਰ ਤਕ ਅਗੇ ਪਾ ਦੇਣ ਦੀ ਤਜਵੀਜ਼ ਦਿਤੀ। ਮੈਂ ਇਸ ਤੇ ਇਤਰਾਜ਼ ਕੀਤਾ ਅਤੇ ਕਿਹਾ ਕਿ ਮੌਜੂਦਾ ਹਾਲਾਤ ਵਿਚ ਜਸਟਿਸ ਆਇਰ ਸਾਡੇ ਲਈ ਸਭ ਤੋਂ ਚੰਗੇ ਉਮੀਦਵਾਰ ਹੋਣਗੇ ਇਸ ਲਈ ਗਿਆਨੀ ਜੀ ਸਮੇਤ ਕਿਸੇ ਹੋਰ ਉਮੀਦਵਾਰ ਦੀ ਚੋਣ ਦਾ ਵਿਰੋਧ ਕੀਤਾ।

ਵਿਅਕਤੀਗੱਤ ਰੂਪ ਵਿਚ ਮੇਰਾ ਗਿਆਨੀ ਜੀ ਨਾਲ ਨਾ ਕੋਈ ਵਿਰੋਧੀ ਸੀ ਅਤੇ ਨਾ ਹੀ ਅਜ ਹੈ ਬਲਕਿ ਜਿਸ ਤਰਾਂ ਨਰਾਜ ਕਾਂਗਰਸੀਆਂ ਦੇ ਇਕ ਧੜੇ ਦੇ ਵਲੋਂ ਉਹਨਾਂ ਦਾ ਨਾਂਅ ਲਿਆ ਜਾ ਰਿਹਾ ਸੀ, ਉਸ ਤੋਂ ਇਹੀ ਜਾਹਰ ਹੁੰਦਾ ਸੀ ਕਿ ਮਾਮਲਾ ਕਾਂਗਰਸ ਦੀ ਅੰਦਰੂਨੀ ਗੁਟਬੰਦੀ ਦਾ ਵਧੇਰੇ ਹੈ। ਐਸਾ ਨਹੀਂ ਲਗ ਰਿਹਾ ਕਿ ਕਾਂਗਰਸ ਦਾ ਇਕ ਧੜਾ ਕਾਂਗਰਸ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਵਿਰੁੱਧ ਸੰਘਰਸ਼ ਵਿਚ ਅਪੋਜੀਸ਼ਨ ਦਾ ਸਹਿਯੋਗ ਕਰਨ ਲਈ ਤਿਆਰ ਹੈ, ਬਲਕਿ ਜਦੋਂ ਗਿਆਨੀ ਜੀ ਨੇ ਤਜਵੀਜ਼ ਨੂੰ ਮੁਕੰਮਲ ਰੂਪ ਵਿਚ ਰਦ ਕਰ ਦਿਤਾ ਤਾਂ ਇਸ ਨਰਾਜ਼ ਧੜੇ ਨੇ ਵੀ ਆਪਣੇ ਯਤਨ ਛਡ ਦਿਤੇ। ਨਰਾਜਾਂ ਦੀ ਇਹ ਮੁਹਿੰਮ ਸੀ ਕਿ ਜੇ ਗਿਆਨੀ ਜੀ ਤਿਆਰ ਹੋ ਜਾਂਦੇ ਹਨ ਤਾਂ ਉਹ ਅਪੋਜੀਸ਼ਨ ਦਾ ਸਹਿਯੋਗ ਕਰਨਗੇ ਇਸ ਤਰਾਂ ਗਿਆਨੀ ਜੀ ਨੂੰ ਕਾਂਗਰਸ ਦੀ ਗੁਟਬੰਦੀ ਦੀ ਰਾਜਨੀਤੀ ਵਿਚ ਘਸੀਟਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਹ ਅਜਿਹਾ ਸਮਾਂ ਹੈ ਜਦੋਂ ਦਸੰਬਰ 1984 ਦੀਆਂ ਚੋਣਾਂ ਵਿਚ ਰਿਕਾਰਡ ਤੋੜ ਜਿਤ ਦੇ ਪਿਛੋਂ ਗੁਜ਼ਾਰੇ ਢਾਈ ਸਾਲ ਦੇ ਦੌਰਾਨ ਇਕ ਦੇ ਬਾਅਦ ਦੂਸਰੇ ਰਾਜਨੀਤਕ ਮੁਦੇ ਨੂੰ ਲੈ ਕੇ ਕਾਂਗਰਸ ਉਪਰ ਤੋਂ ਲੈ ਕੇ ਹੇਠਾਂ ਤਕ ਬੁਰੀ ਤਰਾਂ




ਹਿੱਲੀ ਹੋਈ ਹੈ । ਬਹੁ-ਗਿਣਤੀ ਲੋਕ ਅਤੇ ਖੁਦ ਕਾਂਗਰਸੀ ਵਰਕਰਾਂ ਦੀ ਨਜ਼ਰ ਵਿਚ ਪਾਰਟੀ ਅਤੇ ਉਸ ਦੇ ਆਗੂ ਰਾਜੀਵਗਾਂਧੀ ਦੀ ਸਾਖ ਨਿਰੰਤਰ ਘਟਦੀ ਜਾ ਰਹੀ ਹੈ । ਬਾਰ ਬਾਰ ਇਹ ਸੁਆਲ ਪੁਛਿਆ ਜਾ ਰਿਹਾ ਹੈ ਕਿ ਮਾਰਚ 1985 ਦੇ ਪਿਛੋਂ ਹੋਈਆਂ ਚੋਣਾਂ ਵਿਚ ਮਿਲੀਆਂ ਸ਼ਰਮਨਾਕ ਹਾਰਾਂ ਤੋਂ ਜੋ ਸੰਕਟ ਪੈਦਾ ਹੋਇਆ ਹੈ, ਉਸ ਤੋਂ ਕਾਂਗਰਸ ਪਾਰਟੀ ਅਤੇ ਰਾਜੀਵ ਗਾਂਧੀ ਦੀ ਲੀਡਰਸ਼ਿਪ ਵਾਲੀ ਸਰਕਾਰ ਨਿਕਲ ਵੀ ਸਕੇਗੀ ਕਿ ਨਹੀਂ ? ਰੋਜ਼ਾਨਾ ਪੈਟਰੀਆਟ ਅਖਬਾਰ ਜੋ ਕਿ ਕਾਂਗਰਸ ਤੇ ਉਸਦੇ ਆਗੂ ਰਾਜੀਵ ਗਾਂਧੀ ਦਾ ਪੂਰਾ ਪਰਸੰਸਕ ਹੈ "ਕਾਂਗਰਸ ਦਾ ਸੰਕਟ" ਸਿਰਲੇਖ ਵਾਲੇ ਆਪਣੇ ਸੰਪਾਦਕੀ ਵਿਚ ਲਿਖਦਾ ਹੈ :—"ਪਾਰਟੀ ਨੂੰ ਲਗੇਗੰਭੀਰ ਧਕੇ ਸਬੰਧੀ ਪਾਰਟੀ ਅੰਦਰ ਹੋਈ ਪ੍ਰਤੀ-ਕ੍ਰਿਆ ਦੇ ਅਧਾਰ ਤੇ ਇਹ ਸਿਟਾ ਕਢਿਆ ਜਾ ਸਕਦਾ ਹੈ ਕਿ, ਇਹ ਸਪਸ਼ਟ ਹੈ ਕਿ ਜਾਂ ਤਾਂ ਲੀਡਰਸ਼ਿਪ ਇਸ ਝਟਕੇ ਵਲ ਧਿਆਨ ਨਾ ਦੇਣ ਦਾ ਸਾਂਗ ਰਚ ਰਹੀ ਹੈ, ਜੋ ਕਿ ਹਰ ਦਰਸ਼ਕ ਨੂੰ ਨਜ਼ਰ ਆ ਰਿਹਾ ਹੈ, ਜਾਂ ਫਿਰ ਇਸ ਸੰਕਟ ਵਲ ਉਸ ਨੇ ਅੱਖਾਂ ਮੁੱਦੀਆਂ ਹੋਈਆਂ ਹਨ ਜਿਸ ਵਿਚੀਂ ਪਾਰਟੀ ਅਤੇ ਇਸ ਨਾਲ ਸਬੰਧਤ ਲਹਿਰ ਗੁਜ਼ਰ ਰਹੀ ਹੈ । ਪਰਸਤਾਵਤ ਏ. ਆਈ. ਸੀ. ਸੀ. ਸਮਾਗਮ ਨੂੰ ਜੇ ਸਾਰਥਿਕ ਸਿੱਧ ਕਰਨਾ ਹੈ ਤਾਂ ਸਾਹਮਣੇ ਦਰਪੇਸ਼ ਚਣੌਤੀਆਂ ਪ੍ਰਤੀ ਸਪਸ਼ਟ ਜਾਗ-ਰੂਕਤਾ ਦਾ ਸਬੂਤ ਦੇਣਾ ਹੋਵੇਗਾ' (25 ਜੂਨ) ।

ਕਾਂਗਰਸ ਦੇ ਇਕ ਹੋਰ ਪੱਕੇ ਸਮਰਥਕ ਟਾਈਮਜ਼ ਆਫ ਇੰਡੀਆ ਦੇ ਸੰਪਾਦਕ ਟਾਈਮਜ਼ ਆਫ ਇੰਡੀਆ ਅਖ-ਬਾਰ ਦੇ ਸੰਪਾਦਕ ਗਿਰੀ ਲਾਲ ਜੈਨ ਨੇ, ਜਿਸਦਾ ਹੁਣ ਭਰਮ ਟੁੱਟ ਰਿਹਾ, ਤਿੰਨ ਗੱਲਾਂ ਕਹੀਆਂ ਹਨ । ਪਹਿਲੀ ਗਲ ਇਹ ਕਿ ਕਾਂਗਰਸ ਜਾਂ ਸੰਗਠਨ ਪਿਛਲੇ ਕਈ ਸਾਲਾਂ ਤੋਂ ਖਸਤਾ ਹਾਲਤ ਵਿਚ ਹੈ ਅਤੇ ਇਸ ਨੂੰ ਕਿਸੇ ਹੱਦ ਤੱਕ ਚੁਸਤ ਤੇ ਦਰੁਸਤ ਕਰਨਾ ਹੋਵੇਗਾ, ਦੂਜੀ ਗਲ ਪ੍ਰਧਾਨ ਮੰਤਰੀ ਪੱਧ ਪ੍ਰਾਪਤ ਕਰਨ ਦੇ ਫੌਰਨ ਪਿਛੋਂ ਰਾਜੀਵ ਗਾਂਧੀ ਨੇ ਘਰੇਲੂ ਅਤੇ ਬਦੇਸ਼, ਦੋਨਾਂ ਖੇਤਰਾਂ ਦੀਆਂ ਨੀਤੀਆਂ ਦਾ ਜੋ ਚੋਖਟਾ ਅਪਣਾਇਆ ਹੈ ਉਸ ਤੋਂ ਨਾਂ ਤਾਂ ਖੁਦ ਉਹਨਾਂ ਦੀ ਅਤੇ ਨਾ ਹੀ ਉਹਨਾਂ ਦੀ ਪਾਰਟੀ ਦੀ ਹੀ ਸਥਿਤੀ ਮਜ਼ਬੂਤ ਹੋਈ ਹੈ ਅਤੇ ਇਸ ਚੌਖਟੇ ਦਾ ਮੁੜ ਜਾਇਜ਼ਾ ਲੈਣ ਅਤੇ ਇਸ ਨੂੰ ਬਦਲਣ ਦੀ ਲੋੜ ਹੈ' ਆਖਰੀ ਗੱਲ ਇਹ ਕਿ ਖੁਦ ਪ੍ਰਧਾਨ ਮੰਤਰੀ ਨੂੰ ਲੈ ਕੇ, ਖਾਸਕਰ ਜੋ ਮਧ ਵਰਗੀ ਜਮਾਤਾਂ, ਵਿਚ ਜੋਸ਼ ਦਿਖਾਈ ਦਿਤਾ ਸੀ ਬਹੁਤ ਹਦ ਤੱਕ ਖਤਮ ਹੋ ਚੁੱਕੀ ਹੈ।ਅਸਲ 'ਚ ਇਹ ਕਹਿਣਾ ਕੋਈ ਅਤਕਥਨੀ ਨਹੀਂ ਹੋਵੇਗਾ ਕਿ ਉਹਨਾਂ ਨੂੰ ਆਪਣੀ ਲੀਡਰ-ਸ਼ਿਪ ਦੇ ਵਿਚ ਵਿਸਵਾਸ਼ ਦਾ ਸੰਕਟ ਦਰ-ਪੇਸ਼ ਹੈ......(24 ਜੂਨ) ।

ਇਸ ਸਥਿਤੀ ਉਪਰ ਅਪੋਜੀਸ਼ਨ ਦੀ ਦੋ ਪ੍ਰਕਾਰ ਦੀ ਪ੍ਰਤੀਕ੍ਰਿਆ ਰਹੀ ਹੈ, ਪਹਿਲੀ ਇਹ ਕਿ ਕਿਉਂ ਜੋ ਕਾਂਗਰਸ ਅਜੇਹੇ ਗੰਭੀਰ ਸੰਕਟ ਵਿਚ ਹੈ, ਸਾਡਾ ਕੰਮ ਇਹ ਹੈ ਕਿ ਇਸ ਸੰਕਟ ਨੂੰ ਹੋਰ ਵਧਾਈਏ ਅਤੇ ਇਸਦੇ ਲਈ ਅਜੇਹੇ ਉਮੀਦਵਾਰ ਨੂੰ ਖੜਾ ਕੀਤਾ ਜਾਵੇ ਜੋ ਵਡੀ ਗਿਣਤੀ ਵਿਚ ਕਾਂਗਰਸੀ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀਆਂ ਵੋਟਾਂ ਤੋੜ ਸਕੇ । ਦੂਸਰੀ ਪ੍ਰਤੀਕ੍ਰਿਆ ਇਹ ਹੈ ਕਿ ਕਿਉਂਕਿ ਕਾਂਗਰਸ 'ਸਿਰਫ ਗੁਟਬੰਦੀ ਦੇ ਲਿਹਾਜ ਨਾਲ ਹੀ ਨਹੀਂ ਬਲਕਿ ਇਸ ਤੋਂ ਜਿਆਦਾ ਮਹਤਵ ਦੀ ਗਲ ਇਹ ਹੈ ਕਿ ਰਾਜਨੀ-ਤਕ ਰੂਪ ਵਿਚ ਵੀ ਇਹ ਸੰਕਟ ਵਿਚ ਹੈ ਜਿਸ ਵਿਚ ਅਪੋਜੀਸ਼ਨ ਨੂੰ ਅਜੇਹੇ ਉਮੀਦ-ਵਾਰ ਨੂੰ ਖੜਾ ਕਰਨਾ ਚਾਹੀਦਾ ਹੈ ਜਿਹੜਾ ਇਸ ਵਿਰੁਧ ਤੱਕੜੀ ਐਪਰ ਅਸੂਲੀ ਲੜਾਈ ਦੇ ਸਕੇ । ਪਹਿਲੀ ਸੂਰਤ ਵਿਚ ਕਾਂਗਰਸੀ ਸੰਸਦ ਮੈਂਬਰਾਂ ਤੇ ਵਿਧਾਇਕਾਂ ਨੂੰ ਗੁਟਬੰਦੀ ਦੇ ਅਧਾਰ 'ਤੇ ਤੋੜਿਆ ਜਾ ਰਿਹਾ ਹੋਵੇਗਾ ਦੂਜੀ ਹਾਲਤ ਵਿਚ ਰਾਜਨੀਤਕ ਅਧਾਰ 'ਤੇ ਲਾਮਬੰਦ ਕੀਤਾ ਜਾ ਰਿਹਾ ਹੋਵੇਗਾ । ਭਾਵੇਂ ਕਿ ਸ਼ੁਰੂ 'ਚ ਕੁਝ ਅਪੋਜੀਸ਼ਨ ਪਾਰਟੀਆਂ ਸਮੇਤ ਤਿੰਨ ਮੈਂਬਰੀ ਕਮੇਟੀ ਵਿਚਲੇ ਦੋ ਸਹਿਯੋਗੀਆਂ ਨੇ ਪਹਿਲੀ ਕਿਸਮ ਦਾ ਰਾਹ ਚੁਣਿਆ ਐਪਰ ਅੰਤ ਵਿਚ ਅਸੀਂ ਖੱਬੀ ਧਿਰ ਉਨ੍ਹਾਂ ਨੂੰ ਇਹ ਰਸਤਾ ਤਿਆਗਣ ਵਾਸਤੇ ਰਜ਼ਾ-ਮੰਦ ਕਰਨ ਵਿਚ ਸਫਲ ਹੋ ਗਏ । ਇਸ ਪ੍ਰਕਾਰ ਜਸਟਿਸ ਆਇਰ ਸਰਬ ਸੰਮਤੀ ਨਾਲ ਰਾਸ਼ਟਰਪਤੀ ਪੱਦ ਲਈ ਚੋਣ ਵਾਸਤੇ ਆਪੋਜੀਸ਼ਨ ਦੇ ਉਮੀਦਵਾਰ ਬਣ ਗਏ ।

ਜਸਟਿਸ ਆਇਰ ਦੀ ਸਰਬਸੰਮਤੀ ਨਾਲ ਅਪੋਜੀਸ਼ਨ ਦੇ ਉਮੀਦਵਾਰ ਚੁਣੇ ਜਾਣ ਵਿਰੁਧ ਕਾਫੀ ਵਾਵੇਲਾ ਉਠ ਖੜਾ ਹੋਇਆ । ਬੀ. ਜੇ. ਪੀ. ਨੇ '23 ਜੂਨ ਨੂੰ ਪ੍ਰਵਾਨ ਕੀਤੇ ਮਤੇ ਵਿਚ ਦੋਹਾਂ ਕਮਿਊ-ਨਿਸਟ ਪਾਰਟੀਆਂ ਉਪਰ ਦੂਸ਼ਣਬਾਜ਼ੀ ਕੀਤੀ ਹੈ ਕਿ "ਇਹ ਬਿਨਾਂ ਇਸ ਗੱਲ ਦਾ ਖਿਆਲ ਰਖਿਆਂਕਿ ਉਮੀਦਵਾਰ ਜਿੱਤੇਗਾ ਵੀ ਕਿ ਨਹੀਂ ਇਹ ਅਪੋਜੀਸ਼ਨ ਉਪਰ ਅਪਣੀ ਮਰਜ਼ੀ ਦਾਉਮੀਦਵਾਰ ਠੋਸਣਲਈ ਬਜ਼ਿੱਦ ਸਨ । ਇਸ ਤਰਾਂ ਕਰਕੇ ਇਹਨਾਂ ਨੇ ਅਪੋਜੀਸ਼ਨ ਸਫਾਂ ਵਿਚ ਕਾਂਗਰਸ ਦੇ 'ਲੁਕਵੇਂ' ਹਮਾਇਤੀ' ਹੋਣ ਦਾ ਹੀ ਕੰਮ ਕੀਤਾ ਹੈ ਅਤੇ ਕਾਂਗਰਸ (ਆਈ) ਉਮੀਦ-ਵਾਰ ਦੀ ਜਿੱਤ ਯਕੀਨੀ ਬਣਾਈ ਹੈ ।' ਇਸੇ ਤਰਾਂ ਦੀ ਸੁਰ ਸਟੇਟਸਮੈਨ ਨੇ (23 ਜੂਨ), ਨਿਊਜ਼ਟਾਈਮ ਨੇ (23 ਜੂਨ) ਟੈਲੀਗਰਾਫ ਨੇ (23 ਜੂਨ) ਅਤੇ ਇੰਡੀ-ਅਨ ਐਕਸਪ੍ਰੈਸ ਨੇ (24 ਜੂਨ) ਅਲਾਪੀ ਹੈ । ਗੱਲ ਇਹ ਕਹੀ ਜਾ ਰਹੀ ਹੈ ਕਿ ਕਾਂਗਰਸੀ ਉਮੀਦਵਾਰ ਵੈਂਕਟਰਮਨ ਅਸਾਨੀ ਨਾਲ ਹਾਰਿਆ ਜਾ ਸਕਦਾ ਸੀ ਜੇ ਕੇਵਲ ਗਿਆਨੀ ਜ਼ੈਲ ਸਿੰਘ ਚੋਣ ਮੈਦਾਨ ਵਿਚ ਨਿਤਰ ਪੈਂਦੇ, ਖੱਬੀ ਧਿਰ ਨੇ ਜਸਟਿਸ ਕਰਿਸ਼ਨਾ ਆਇਰ ਦੀ ਉਮੀਦ-ਵਾਰੀ 'ਤੇ ਬਜ਼ਿੱਦ ਰਹਿਕੇ ਇਹ ਮੌਕਾ ਖਰਾਬ ਕਰ ਦਿਤਾ ਹੈ ।

ਸਾਡੇ ਅਲੋਚਕ ਇਸ ਮੁਦੇ ਨਾਲ ਬੇਵਾਸਤਾ ਹਨ ਜਿਹੜਾ ਕਿ ਸਾਹਮਣੇ ਆ ਗਿਆ ਹੋਇਆ ਹੈ ਅਤੇ ਜਿਹੜਾ ਅਗਲੇ ਕੁਝ ਦਿਨਾਂ 'ਚ ਚੋਣ ਮੁਹਿੰਮ ਦੌਰਾਨ ਲੜਿਆ ਜਾਵੇਗਾ ਭਾਵ—ਸੰਵਿਧਾਨ 'ਚ ਪ੍ਰੀਭਾਵਸ਼ਤ ਕੀਤੇ ਅਨੁਸਾਰ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਕੀ ਕਰਤੱਵ ਹਨ: ਜਸਟਿਸ ਕਰਿਸ਼ਨਾ ਆਇਰ ਨੇ ਇੰਡੀਅਨ ਐਕਸਪ੍ਰੈਸ 24 ਜੂਨ ਨੂੰ ਦਿਤੀ ਆਪਣੀ

ਪੌਪੂਲਰ ਫਰਨੀਚਰ
ਮੈਨੂ. ਲਿਮ:

POPULAR
FURNITURE MFG. LTD.

Phone 596-1216

7935 - 128th Street
Surrey, B.C.



ਇੰਟਰਵੀਊ ਵਿਚ ਕਿਹਾ ਸੀ "ਕਿ 'ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਇਕ ਸੁਰ ਨਾ ਹੋਣ ਅਤੇ ਹਮੇਸ਼ਾਂ ਇਕਦੂਜੇ ਨਾਲ ਝਗੜਦੇ ਰਹਿਣ ਕਾਰਨਪੈਦਾ ਹੋਈ ਸੰਵਿਧਾਨਿਕ ਅਸਥਿਰਤਾ ਦੇਸ਼ ਨੂੰ ਅੰਦਰੋਂ ਪੈਦਾ ਹੋਇਆ ਸਭ ਤੋਂ ਵਧ ਗੰਭੀਰ ਖਤਰਾ ਹੈ। ਸਾਨੂੰ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵਿਚਾਲੇ ਸਬੰਧਾਂ ਬਾਰੇ ਸੰਵਿਧਾਨਿਕ ਵਿਵਸਥਾਵਾਂ ਦੇ ਘੇਰੇ ਨੂੰ ਸਮਝਣਾ ਚਾਹੀਦਾ ਹੈ ਅਤੇ ਹਰ ਇਕ ਨੂੰ ਇਸ ਘੇਰੇ 'ਚ ਰਹਿਕੇ ਕੰਮ ਕਰਨਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੂੰ ਰਾਸ਼ਟਰਪਤੀ ਦੇ ਅਧਿਕਾਰਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਰਾਸ਼ਟਰਪਤੀ ਨੂੰ ਪ੍ਰਧਾਨ ਮੰਤਰੀ ਦੇ ਅਧਿਕਾਰਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ।'

ਯਾਦ ਰਹੇ ਕਿ ਆਪਣੇ ਸਮੇਂ 'ਚ ਇੰਦਰਾ ਗਾਂਧੀ ਨੇ ਵੀ ਦੇਸ਼ ਦੇ ਇਹਨਾਂ ਦੋ ਸਰਬ ਉਚ ਅਹੁਦਿਆਂ ਵਿਚਾਲੇ ਸੰਤੁਲਨ ਨੂੰ ਵਿਗਾੜਨ ਦਾ ਯਤਨ ਕੀਤਾ ਸੀ। ਉਸਦਾ ਪ੍ਰਸਤਾਵ ਪ੍ਰਧਾਨ ਮੰਤਰੀ ਦੇ ਆਹੁਦੇ ਦੇ ਮਹੱਤਵ ਨੂੰ ਖਤਮ ਕਰਕੇ ਰਾਸ਼ਟਰਪਤੀ ਨੂੰ ਸਿਰਵੇ ਸਰਵਾ ਬਣਾ ਦੇਣ ਦਾ ਸੀ (ਜਾਹਰ ਹੈ ਕਿ ਰਾਸ਼ਟਰਪਤੀ ਦਾ ਇਹ ਅਹੁਦਾ ਉਹੋ ਹੀ ਸੰਭਾਲਦੇ) ਹੁਣ ਉਹਨਾਂ ਦਾ ਪੁੱਤਰ ਰਾਸ਼ਟਰਪਤੀ ਨੂੰ ਸਿਫਰ ਬਣਾ ਕੇ ਦੂਸਰੇ ਰਸਤੇ ਤੋਂ ਉਹੋ ਕੰਮ ਕਰਨ ਦਾ ਯਤਨ ਕਰ ਰਿਹਾ ਹੈ। ਸੰਵਿਧਾਨ ਦੀ ਵਿਆਖਿਆ ਕਰਦੇ ਹੋਏ ਉਹਨਾਂ ਇਹ ਦਲੀਲ ਦਿਤੀ ਹੈ ਕਿ ਰਾਸ਼ਟਰਪਤੀ ਉਨੀ ਕੁ ਹੀ ਜਾਣਕਾਰੀ ਹਾਸਲ ਕੀਤੇ ਜਾਣ ਦਾ ਅਧਿਕਾਰੀ ਹੈ ਜਿੰਨੀ ਜਾਣਕਾਰੀ ਕਿ ਉਹਨੂੰ ਦੇਣ ਲਈ ਪ੍ਰਧਾਨ ਮੰਤਰੀ ਅਤੇ ਉਸਦਾ ਮੰਤਰੀ ਮੰਡਲ ਤਿਆਰ ਹੋਵੇ। ਉਹਨਾਂ ਦੇ ਨਾਲ ਏ. ਆਰ ਅੰਤੁਲੇ ਸਾਹਿਬ ਤਾਂ ਇਸ ਤੋਂ ਵੀ ਕਈ ਕਦਮ ਅਗੇ ਨਿਕਲ ਗਏ ਹਨ, ਉਹ 'ਦਲੀਲ ਦੇ ਰਹੇ ਹਨ ਕਿ ਰਾਸ਼ਟਰਪਤੀ ਨੂੰ ਕੈਬਨਿਟ ਦੀ ਸਲਾਹ ਉਤੇ ਚਲਣ ਤੋਂ ਸਬੰਧਤ ਸੰਵਿਧਾਨਕ ਵਿਵਸਥਾਵਾਂ ਦਾ ਅਰਥ ਇਹ ਵੀ ਹੈ ਕਿ ਜੇ ਕੈਬਨਿਟ ਉਸਨੂੰ 'ਸਲਾਹ' ਦੇਵੇ ਤਾਂ ਰਾਸ਼ਟਰਪਤੀ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਵੀ ਦੇਣਾ ਪਏਗਾ।

ਸੰਵਿਧਾਨ ਦੀਆਂ ਮਦਾਂ ਦੀ ਇਸ 'ਵਿਆਖਿਆ' ਨਾਲ ਉਪ-ਰਾਸ਼ਟਰਪਤੀ ਵੈਂਕਟਰਮਨ ਨੂੰ ਕਾਂਗਰਸ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਆਪਣਾ ਉਮੀਦਵਾਰ ਨਾਮਜਦ ਕੀਤਾ ਹੈ। ਹੁਣ ਇਹ ਦੂਜੀ ਗਲ ਹੈ ਕਿ ਉਹ ਇਹਨਾਂ ਅਪਮਾਨਜਨਕ ਸ਼ਰਤਾਂ ਨੂੰ ਸਵੀਕਾਰ ਕਰਨਗੇ ਜਾਂ ਨਹੀਂ, ਜਿੰਨਾਂ ਤਹਿਤ ਕਿ ਉਹਨਾਂ ਨੂੰ ਰਾਜ ਦੇ ਮੁਖੀ ਦੇ ਸਰਵ ਉਚ ਅਹੁਦੇ ਤੇ ਬਿਠਾਇਆ ਜਾ ਰਿਹਾ ਹੈ। ਅਸਲ ਮੁਦਾ ਇਹ ਹੈ ਕਿ ਭਾਰਤ ਦੇ ਲੋਕਾਂ ਨੂੰ ਉਸ ਸਥਿਤੀ ਵਿਚ ਪੁਚਾ ਦਿਤਾ ਗਿਆ ਹੈ, ਜਿਥੋਂ ਜੇ ਰਾਜੀਵ ਗਾਂਧੀ ਅਤੇ ਉਹਨਾਂ ਦੀ ਪਾਰਟੀ ਦੀ ਮਰਜ਼ੀ ਪੂਰੀ ਹੁੰਦੀ ਹੈ, ਤਾਂ ਸੰਵਿਧਾਨ ਦੇ ਅੰਤਰਗਤ ਸਰਵ ਉਚ ਅਹੁਦੇ 'ਤੇ ਇਕ ਅਜੇਹੇ ਵਿਅਕਤੀ ਨੂੰ ਬਿਠਾਇਆ ਜਾ ਰਿਹਾ ਹੋਵੇਗਾ ਜਿਸਨੂੰ ਇਸ ਅਹੁਦੇ ਲਈ ਚੁਣੇ ਜਾਣ ਵਾਸਤੇ ਅਪਮਾਨ ਭਰੀਆਂ ਸ਼ਰਤਾਂ ਪਰਵਾਨ ਕਰਨੀਆਂ ਪੈਣਗੀਆਂ।

ਜਸਟਿਸ ਕ੍ਰਿਸ਼ਨਾ ਅਈਅਰ ਨੇ ਅਪੋਜ਼ੀਸ਼ਨ ਦਾ ਉਮੀਦਵਾਰ ਚੁਣੇ ਜਾਣ ਤੋਂ ਬਾਅਦ ਦੇ ਆਪਣੇ ਬਿਆਨਾਂ ਤੋਂ ਇਹ ਸਪੱਸ਼ਟ ਕਰ ਦਿਤਾ ਹੈ ਕਿ ਉਹ ਰਾਸ਼ਟਰਪਤੀ ਦੇ ਅਹੁਦੇ ਨੂੰ ਇਸ ਤਰਾਂ ਗਿਰਾਏ ਜਾਣਾ ਬਰਦਾਸ਼ਤ ਨਹੀਂ ਕਰਨਗੇ। ਪ੍ਰੰਤੂ ਇਸਦੇ ਨਾਲ ਹੀ ਉਹਨਾਂ ਇਹ ਪੂਰੀ ਤਰਾਂ ਸਪੱਸ਼ਟ ਕਰ ਦਿਤਾ ਹੈ ਕਿ ਜੇ ਉਨਾਂ ਨੂੰ ਚੁਣ ਲਿਆ ਜਾਂਦਾ ਹੈ ਤਾਂ ਉਹ ਮੰਤਰੀ ਪ੍ਰੀਸ਼ਦ ਅਤੇ ਸੰਸਦ ਤੋਂ ਵੀ ਉਪਰ ਰਾਸ਼ਟਰਪਤੀ ਦੀ ਸਭਾ ਦਾ ਕੋਈ ,ਦਾਅਵਾ ਪੇਸ਼ ਨਹੀਂ ਕਰਨ ਜਾ ਰਹੇ 'ਇੰਡੀਅਨ ਐਕਸਪ੍ਰੈਸ' ਨਾਲ ਆਪਣੀ ਇਕ ਭੇਂਟ ਵਾਰਤਾ ਵਿਚ ਉਹਨਾਂ ਨੇ ਕਿਹਾ ਹੈ 'ਸਰਕਾਰ ਕੈਬਨਿਟ ਦੀ ਹੀ ਹੁੰਦੀ ਹੈ, ਰਾਸ਼ਟਰਪਤੀ ਦੀ ਨਹੀਂ, ਪਰ ਰਾਸ਼ਟਰਪਤੀ ਨੂੰ ਸਲਾਹ ਦੇਣ, ਉਤਸ਼ਾਹ ਦੇਣ, ਚੇਤਾਵਨੀ ਦੇਣ ਅਤੇ ਸਲਾਹ ਲਏ ਜਾਣ ਦਾ ਅਧਿਕਾਰ ਹੈ।' ਸ੍ਰੀ ਅਈਅਰ ਦੇ ਸ਼ਬਦਾਂ ਵਿਚ, 'ਜੇ ਸਰਕਾਰ ਰਾਸ਼ਟਰਪਤੀ ਦੀ ਸਲਾਹ ਨੂੰ ਅਣਗੌਲਿਆ ਕਰ ਦੇਂਦੀ ਹੈ, ਤਾਂ ਇਸ ਦਾ ਕੋਈ ਇਲਾਜ ਨਹੀਂ ਹੈ। ਇਲਾਜ ਦੀ ਲੋੜ ਵੀ ਨਹੀਂ ਹੈ। ਰਾਸ਼ਟਰਪਤੀ ਦਾ ਕੰਮ ਹੈ ਸਲਾਹ ਦੇਣਾ ਜੇ ਉਸਦੀ ਗਲ ਨਹੀਂ ਸੁਣੀ ਜਾਂਦੀ ਤਾਂ ਸਲਾਹ ਦੇਣ ਵਾਲੇ ਲਈ ਹੋਰ ਵੀ ਬੁਰਾ ਹੈ। ਕੈਬਨਿਟ ਇਸ ਲਈ ਅਜਾਦ ਹੈ ਕਿ ਉਹ ਉਸਦੀ ਸਲਾਹ ਮੰਨੇ ਜਾਂ ਠੁਕਰਾ ਦੇਵੇ ਪਰੰਤੂ ਸਲਾਹ ਲੈਣਾ ਮਹੱਤਵਪੂਰਨ ਹੈ, ਕਿਉਂਕਿ ਰਾਸ਼ਟਰਪਤੀ ਇਕ ਬਜੁਰਗ ਵਿਅਕਤੀ ਹੁੰਦਾ ਹੈ, ਜੋ ਸਰਵ ਉਚ ਆਹੁਦੇ 'ਤੇ ਹੁੰਦਾ ਹੈ ਅਤੇ ਪੂਰੇ ਦੇਸ਼ ਦੇ ਵੋਟਰਾਂ ਦੁਆਰਾ ਚੁਣਿਆ ਜਾਂਦਾ ਹੈ।

ਇਸ ਤਰਾਂ 13 ਜੁਲਾਈ ਨੂੰ ਹੋਣ ਜਾ ਰਹੀਆਂ ਚੋਣਾਂ ਵਿਚ ਦੋ ਉਮੀਦਵਾਰ ਆਹਮੋ ਸਾਹਮਣੇ ਹਨ। ਅਪੋਜ਼ੀਸ਼ਨ ਦਾ ਉਮੀਦਵਾਰ ਇਕ ਅਜੇਹਾ ਵਿਅਕਤੀ ਹੈ ਜੋ ਪਾਰਲੀਮੈਂਟ ਦੀ ਸਰਵ ਉਚਤਾ ਵਾਸਤੇ ਵਚਨਬੱਧ ਹੈ ਅਤੇ ਸੰਵਿਧਾਨ ਤਹਿਤ ਦੋਵਾਂ ਸਰਵ ਉਚ ਅਹੁਦਿਆਂ ਦੇ ਅਧਿਕਾਰ ਅਤੇ ਫਰਜ ਉਸਦੇ ਅਧੀਨ ਹੋਣੇ ਵੀ ਚਾਹੀਦੇ ਹਨ। ਇਹ ਸੋਚਣ ਦਾ ਕੋਈ ਤੰਤ ਨਹੀਂ ਹੈ ਕਿ ਕਾਂਗਰਸ ਦੇ 400 ਤੋਂ ਵੀ ਵਧ ਐਮ. ਪੀ. ਅਤੇ ਉਸਦੇ ਸਾਰੇ ਵਿਧਾਇਕ ਪੂਰੀ ਵਫਾਦਾਰੀ ਨਾਲ ਅਜੇਹੇ ਉਮੀਦਵਾਰ ਦੇ ਵਿਰੁਧ ਵੋਟ ਦੇਣਗੇ, ਜੋ ਸੰਵਿਧਾਨ ਦੀ

ਬਾਕੀ ਸਫਾ 13 ਉਤੇ



# ਭਾਰਤੀ ਪਾਰਲੀਮੈਂਟ ਦੇ ਡੈਲੀਗੇਸ਼ਨ ਨੂੰ ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਵਲੋਂ

# ਮੈਮੋਂਰੈਂਡਮ

ਭਾਰਤੀ ਪਾਰਲੀਮੈਂਟ ਦਾ ਡੈਲੀਗੇਸ਼ਨ ਜੋ ਕਿ ਸ੍ਰੀ ਸੰਕਰਾਨੰਦ (ਮਨਿਸਟਰ ਵਾਟਰ ਰਿਜੋਰਸਜ਼) ਸ੍ਰੀ ਥਾਂਬੀ ਦੁਰਾਏ ਡਿਪਟੀ ਸਪੀਕਰ, ਸ੍ਰੀ ਅਟਲ ਬਿਹਾਰੀ ਬਾਜਪਾਈ (ਭਾਰਤੀਆ ਜੰਤਾ ਪਾਰਟੀ) ਸਾਥੀ ਅਨਿਲ ਬਾਸੂ (ਕਮਿਊਨਿਸਟ ਪਾਰਟੀ ਆਫਿ ਇੰਡੀਆ — ਮਾਰਕਸਵਾਦੀ) ਸ੍ਰੀ ਦਿਓ (ਕਾਂਗਰਸ ਆਈ) ਅਤੇ ਸ੍ਰੀ ਭਗਤ ਮਨਹਰ (ਕਾਂਗਰਸ ਆਈ) ਤੇ ਅਧਾਰਤ ਸੀ ਕੈਨੇਡੀਅਨ ਪਾਰਲੀਮੈਂਟ ਦੇ ਸਪੀਕਰ ਦੇ ਸੱਦੇ ਤੇ ਦੌਰੇ ਤੇ ਆਇਆ ਸੀ ਨੂੰ ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਵਲੋਂ ਬਿਦੇਸ਼ਾਂ ਖਾਸ ਤੌਰ ਤੇ ਕੈਨੇਡਾ ਵਿਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ ਦੀਆਂ ਮੰਗਾਂ ਅਤੇ ਵਾਪਿਸ ਭਾਰਤ ਜਾਣ ਤੇ ਆਉਣ ਵਾਲੀਆਂ ਸਮਸਿਆਵਾਂ ਸੰਬੰਧੀ ਸੁਰਿੰਦਰ ਸਿੰਘ ਸੰਘਾ, ਗੁਰਨਾਮ ਸਿੰਘ ਸੰਘੇੜਾ, ਅਮਰਜੀਤ ਸੂਫੀ, ਜਸਪਾਲ ਸਿੰਘ ਸੰਧੂ ਅਤੇ ਹਰਕੇਵਲ ਸਿੰਘ ਧਾਲੀਵਾਲ ਤੇ ਅਧਾਰਤ ਡੈਲੀਗੇਸ਼ਨ ਨੇ ਮੈਮੋਂਰੈਂਡਮ 14 ਜੂਨ ਨੂੰ ਦਿੱਤਾ।

## ਮੈਮੋਂਰੈਂਡਮ ਦਾ ਪੰਜਾਬੀ ਰੂਪ

ਸ੍ਰੀ ਸ਼ੰਕਰਾਨੰਦ (ਮਨਿਸਟਰ ਆਫ ਵਾਟਰ ਰਿਜੋਰਸਜ਼) ਅਤੇ ਹੋਰ
ਪਾਰਲੀਮਾਨੀ ਡੈਲੀਗੇਸ਼ਨ ਮੈਂਬਰ

ਅਸੀਂ ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਵਲੋਂ ਤੁਹਾਡੇ ਧਿਆਨ ਵਿਚ ਕੈਨੇਡਾ ਰਹਿੰਦੇ ਭਾਰਤੀ ਪਿਛੋਕੜ ਦੇ ਲੋਕਾਂ ਅਤੇ ਖਾਸ ਤੌਰ ਤੇ ਜੋ ਪੰਜਾਬ ਤੋਂ ਹਨ ਨੂੰ ਜੋ ਮੁਸ਼ਕਲਾਂ ਅਤੇ ਮੰਗਾਂ ਹਨ ਉਹ ਲਿਆ ਰਹੇ ਹਾਂ ਜਿਵੇਂ ਕਿ ਦੂਹਰੀ ਨਾਗਰਿਕਤਾ, ਵੀਜ਼ੇ ਸਿਸਟਮ ਦਾ ਖਾਤਮਾ, ਭਾਰਤੀ ਏਅਰਪੋਰਟਾਂ ਤੇ ਤੰਗ ਨਾ ਕੀਤਾ ਜਾਵੇ ਅਤੇ ਰਾਜੀਵ ਲੌਂਗੋਵਾਲ ਸਮਝੌਤੇ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ।

ਜੋ ਭਾਰਤੀ ਬਿਦੇਸ਼ਾਂ ਵਿਚ ਰਹਿ ਰਹੇ ਹਨ (ਭਾਰਤੀ ਨਾਗਰਿਕ ਜਾਂ ਜਿਹਨਾਂ ਆਪਣੀ ਨਾਗਰਿਕਤਾ ਬਦਲ ਲਈ ਹੈ) ਉਹਨਾਂ ਦੇ ਭਾਰਤ ਨਾਲ ਹਮੇਸ਼ਾਂ ਦਿਮਾਗੀ ਤੇ ਭਾਵਨਾਤਮਿਕ ਤੌਰ ਤੇ ਜੁੜੇ ਰਹੇ ਹਨ। ਉਹਨਾਂ ਦੇ ਤਰੀਕੇ ਕਦਰਾਂ ਅਤੇ ਸਮਾਜਿਕ ਸੁਭਾਅ ਭਾਰਤੀ ਹਨ। ਉਹਨਾਂ ਵਿਚੋਂ ਕੁਝ ਨੇ ਸਮੇਂ ਦੀ ਜ਼ਰੂਰਤ ਅਤੇ ਆਪਣੇ ਜੀਵਨ ਦਾ ਨਿਰਬਾਹ ਕਰਨ ਵਾਲੀਆਂ ਮਜ਼ਬੂਰੀਆਂ ਕਾਰਨ ਬਿਦੇਸ਼ੀ ਨਾਗਰਿਕਤਾ ਲੈ ਲਈ ਹੈ ਉਹ ਭਾਰਤ ਬਾਰੇ ਲਿਖਦੇ ਪੜ੍ਹਦੇ ਅਤੇ ਗੱਲਾਂ ਕਰਦੇ ਹਨ।

ਬਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਦੇ ਭਾਰਤ ਨਾਲ ਡੂੰਘੇ ਸਮਾਜਕ ਆਰਥਿਕ ਸੰਬੰਧ ਅਤੇ ਡੂੰਘੀਆਂ ਜੜ੍ਹਾਂ ਹਨ। ਜਦੋਂ ਭੀ ਭਾਰਤ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਜਾਂ ਭਾਰਤ ਸਰਕਾਰ ਨੇ ਮੱਦਦ ਦੀ ਅਪੀਲ ਕੀਤੀ, ਬਾਹਰ ਰਹਿੰਦੇ ਭਾਰਤੀਆਂ ਨੇ ਉਹਨਾਂ ਹਾਲਤਾਂ ਨੂੰ ਦਰੁਸਤ ਕਰਨ ਵਿਚ ਆਪਣਾ ਹਿਸਾ ਪਾਉਂਦੇ ਰਹੇ ਹਨ। ਉਹ ਕਰੋੜਾਂ ਰੁਪਏ ਭਾਰਤ ਨੂੰ ਭੇਜਦੇ ਹਨ ਅਤੇ ਆਪਣੇ ਰਿਸ਼ਤੇਦਾਰਾਂ ਤੇ ਮਿਤਰਾਂ ਦੀ ਮੱਦਦ ਕਰਦੇ ਹਨ। ਉਹ ਕਰੋੜਾਂ ਰੁਪਏ ਕਾਲਜਾਂ, ਸਕੂਲਾਂ, ਹਸਪਤਾਲਾਂ ਅਤੇ ਆਪਣੀਆਂ ਪਹਿਲੀਆਂ ਰਹਿਣ ਵਾਲੀਆਂ ਥਾਵਾਂ ਦੀਆਂ ਗਲੀਆਂ ਦੀ ਉਸਾਰੀ ਲਈ ਭੇਜਦੇ ਹਨ।

ਬਾਹਰ ਰਹਿੰਦੇ ਭਾਰਤੀ ਪੰਜਾਬ ਦੀ ਸਥਿਤੀ ਨੂੰ ਕਾਫੀ ਗਹੁ ਨਾਲ ਦੇਖਦੇ ਹਨ। ਭਾਰਤ ਵਿਚ ਵਾਪਰੀਆਂ ਵੱਖ ਵੱਖ ਪੱਧਰਾਂ ਤੇ ਤਬਦੀਲੀਆਂ ਦਾ ਉਹਨਾਂ ਤੇ ਸਿਧਾ ਜਾਂ ਅਸਿੱਧਾ ਅਸਰ ਪੈਂਦਾ ਹੈ। ਬਦਲਦੀ ਸਥਿਤੀ ਨੂੰ ਕਾਫੀ ਨਾਜੁਕਤਾ ਨਾਲ ਲੈਂਦੇ ਹਨ। ਪੰਜਾਬ ਵਿਚ ਅਤੇ ਹੋਰ ਹਿੱਸਿਆਂ ਵਿਚ ਵਾਪਰੀਆਂ ਦੁਖ ਭਰੀਆਂ ਘਟਨਾਵਾਂ ਸਮੇਂ ਭੀ ਬਾਹਰ ਰਹਿੰਦੇ ਭਾਰਤੀਆਂ ਦੀ ਭਾਰੀ ਬਹੁ ਗਿਣਤੀ ਭਾਰਤ ਦੀ ਏਕਤਾ ਅਤੇ ਫਿਰਕੂ ਇਕਸੁਰਤਾ ਲਈ ਡਟੀ ਰਹੀ। ਰਾਜੀਵ ਲੌਂਗੋਵਾਲ ਸਮਝੌਤੇ ਦਾ ਕੁਝ ਮੁਠੀਭਰ ਦੇਸ਼ ਵਿਰੋਧੀ ਅਤੇ ਗੁਮਰਾਹ ਹੋਏ ਲੋਕਾਂ ਤੋਂ ਬਗੈਰ ਸਭਨਾਂ ਨੇ ਸੁਆਗਤ ਕੀਤਾ।

ਜਿਸ ਤਰ੍ਹਾਂ ਕਿ ਅਸੀਂ ਭਾਰਤ ਨਾਲ ਡੂੰਘੀ ਤਰ੍ਹਾਂ ਬੱਝੇ ਹੋਏ ਹਾਂ ਅਤੇ ਇਸੇ ਅਧਾਰ ਤੇ ਅਸੀਂ ਦੂਹਰੀ ਨਾਗਰਿਕਤਾ, ਅਤੇ ਪਿਤਰੀ ਧਾਰਾ ਲਈ ਕਾਨੂੰਨ (ਜਿਸ ਤਰ੍ਹਾਂ ਇੰਗਲੈਂਡ ਵਿਚ ਹੈ) ਜਿਸਦੇ ਅਧੀਨ ਬਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ (ਜਿਹਨਾਂ ਨੇ ਆਪਣੀ ਨਾਗਰਿਕਤਾ ਬਦਲ ਲਈ ਹੈ) ਜਿਹਨਾਂ ਦੇ ਮਾਤਾ ਪਿਤਾ ਤੇ ਦਾਦੇ ਭਾਰਤ ਵਿਚ ਪੈਦਾ ਹੋਏ ਹੋਣ ਨੂੰ ਭਾਰਤ ਵਿਚ ਦਾਖਲ ਹੋਣ ਦੀ ਖੁਲ ਹੋਣੀ ਚਾਹੀਦੀ ਹੈ ਬਾਰੇ ਕਾਨੂੰਨ ਦੀ ਮੰਗ ਕਰਦੇ ਹਾਂ।

ਜਿਸ ਤਰ੍ਹਾਂ ਕਿ ਅਸੀਂ ਭਾਰਤੀ ਪਿਛੋਕੜ ਦੇ ਲੋਕ ਹਰ ਤਰ੍ਹਾਂ ਦੀ ਸਥਿਤੀ ਸਮੇਂ ਭਾਰਤ ਦੇ ਨਾਲ ਰਹੇ ਹਾਂ, ਫਿਰ ਭੀ ਭਾਰਤ ਜਾਣ ਲਈ ਉਹਨਾਂ ਨੂੰ ਵੀਜ਼ਾ ਲੈਣ ਲਈ ਮਜ਼ਬੂਰ ਕੀਤਾ ਜਾਂਦਾ ਹੈ ਅਤੇ ਪੰਜਾਬ ਲਈ ਸਪੈਸ਼ਲ ਵੀਜ਼ਾ ਲੈਣਾ ਪੈਂਦਾ ਹੈ। ਉਹ ਬਹੁਤ ਸਾਰੀਆਂ ਰੁਕਾਵਟਾਂ ਦਾ ਸਾਹਮਣਾ ਕਰਦੇ ਹਨ ਅਤੇ ਆਪਣੇ ਆਪਨੂੰ ਨਿਖੜੇ ਸਮਝਦੇ ਹਨ।

GM

AMIN ON MARINE

dueck
CHEVROLET OLDSMOBILE CADILLAC LTD

Canada's autosales leader, now invites you at 86 S.E. Marine Dr. Vancouver [Between Main & Cambie] to make your own deal for any make or model of car including Cadillac, Chevrolet, Oldsmobile, any import or domestic car —Trucks, Vans and Pick-Ups.



86 SE Marine Dr.,
[between Main & Cambie]
Res.: 433-1681
Pager 687-7711 Pager #2122

You can deal in confidence with
AMIN LADHA

Ph: 324-7222

ਦੂਹਰੀ ਨਾਗਰਿਕਤਾ ਲਾਗੂ ਕਰਕੇ, ਪਿਤਰੀ ਧਾਰਾ ਬਾਰੇ ਕਾਨੂੰਨ ਬਣਾ ਕੇ, ਵੀਜ਼ਾ ਸਿਸਟਮ ਖਤਮ ਕਰਕੇ ਭਾਰਤੀ ਪਿਛੋਕੜ ਦੇ ਲੋਕਾਂ ਨੂੰ ਭਾਰਤ ਜਾਣ ਦੀ ਖੁਲ ਦਿਓ । ਅਸੀਂ ਇਜ਼ਾਰੇਦਾਰਾਂ, ਲੋਟੂਆਂ ਅਤੇ ਭਾਰਤ ਵਿਰੋਧੀ ਏਜੰਟਾਂ ਦੇ ਦਾਖਲ ਹੋਣ ਦੀਆਂ ਰੋਕਾਂ ਦੀ ਵਿਰੋਧਤਾ ਨਹੀਂ ਕਰਦੇ

ਬਿਦੇਸ਼ਾਂ ਵਿਚ ਰਹਿੰਦੇ ਭਾਰਤੀ ਅਖੰਡ ਅਤੇ ਮਜ਼ਬੂਤ ਭਾਰਤ ਦੇ ਹੱਕ ਵਿਚ ਹਨ । ਉਹ ਸਮਝਦੇ ਹਨ ਕਿ ਪੰਜਾਬ ਸਮਸਿਆ ਨੂੰ ਸਿਆਸੀ ਕਦਮਾਂ ਦੇ ਨਾਲ ਪ੍ਰਸ਼ਾਸਨਿਕ ਤਰੀਕਿਆਂ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ । ਇਸ ਤਰ੍ਹਾਂ ਅਸੀਂ ਆਪਨੂੰ ਆਖਦੇ ਹਾਂ ਕਿ ਰਾਜੀਵ ਲੌਂਗੋਵਾਲ ਸਮਝੌਤਾ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ । ਪੰਜਾਬ ਵਿਚੋਂ ਪ੍ਰਧਾਨਗੀ ਰਾਜ ਖਤਮ ਕਰਕੇ ਲੋਕਰਾਜ ਬਹਾਲ ਕੀਤਾ ਜਾਵੇ । ਭਾਰਤੀ ਏਅਰਪੋਰਟਾਂ ਤੇ ਕਸਟਮ ਤੇ ਇਮੀਗਰੇਸ਼ਨ ਅਧਿਕਾਰੀਆਂ ਵਲੋਂ ਲੋਕਾਂ ਨਾਲ ਜੋ ਵਤੀਰਾ ਕੀਤਾ ਜਾਂਦਾ ਹੈ ਕਾਫੀ ਅਫਸੋਸਨਾਕ ਹੈ। ਇਸਦਾ ਹੱਲ ਕੀਤਾ ਜਾਣਾ ਚਾਹੀਦਾ ਹੈ ।

ਸਾਡੇ ਸੁਝਾਅ ਕਾਫੀ ਕੀਮਤੀ ਅਤੇ ਲਾਭਦਾਇਕ ਹਨ ਅਤੇ ਇਹ ਪਾਰਲੀਮੈਂਟ ਸਾਹਮਣੇ ਰੱਖੇ ਜਾਣੇ ਚਾਹੀਦੇ ਹਨ ।

ਆਪ ਦੇ ਸ਼ੁਭਚਿੰਤਕ,
ਪ੍ਰਧਾਨ ਸੁਰਿੰਦਰ ਸਿੰਘ ਸੰਘਾ
ਜਨਰਲ ਸਕੱਤਰ — ਮੁਹਿੰਦਰ ਸੁਮਲ
ਜੂਨ 14, 1987


VICKY CONSTRUCTION CO.

- Vinyl Siding
- Soffits and all Finishing Jobs
- Free Estimate

Ph. (604) 581-6506 (after 8 p.m.)


# ਪੰਜਾਬੀ ਮਾਰਕੀਟ ਦੀ ਚੋਣ

ਵੈਨਕੂਵਰ—ਪੰਜਾਬੀ -ਇੰਡੀਆ ਮਾਰਕੀਟ ਐਸੋਸੀਏਸ਼ਨ ਦੇ ਸਾਬਕਾ ਪਰਧਾਨ ਦੀਦਾਰ ਸਿੰਘ ਲੇਲ੍ਹ ਨੇ ਲਿਖਤੀ ਪੱਤਰ ਰਾਹੀਂ ਸੂਚਨਾ ਦਿੱਤੀ ਹੈ ਕਿ 17 ਜੂਨ 1987 ਨੂੰ ਪੰਜਾਬੀ ਮਾਰਕੀਟ ਦੀ ਸਾਲਾਨਾਂ ਮੀਟਿੰਗ ਹੋਈ ਜਿਸ ਵਿਚ ਐਸੋਸੀਏਸ਼ਨ ਦੇ ਪਿਛਲੇ ਦੋ ਸਾਲ ਦੇ ਕੰਮਾਂ ਦੇ ਵੇਰਵੇ ਦੀ ਰਿਪੋਰਟ ਪੇਸ਼ ਕੀਤੀ ਗਈ ।


ਅਸ਼ੋਕ ਸ਼ਰਮਾ

ਪੰਜਾਬੀ ਇੰਡੀਆ ਮਾਰਕੀਟ ਐਸੋਸੀਏਸ਼ਨ ਦੇ 46 ਮੈਂਬਰਾਂ ਨੇ ਸਰਬਸੰਮਤੀ ਨਾਲ 1987/88 ਲਈ ਨਵੀਂ ਐਗਜ਼ੇਕਟਿਵ ਦੀ ਚੋਣ ਨਿਮਨ ਲਿਖਤ ਮੁਤਾਬਕ ਕੀਤੀ :—

ਪ੍ਰਧਾਨ — ਅਸ਼ੋਕ ਸ਼ਰਮਾ(ਅਸ਼ੋਕਾ ਟਰੇਡਿੰਗ)
ਮੀਤ ਪ੍ਰਧਾਨ — ਜਗਤਾਰ ਸਿੰਘ ਤੂਰ(ਤੂਰ ਫੈਬਰਿਕਸ)
ਸਕੱਤਰ — ਕਰਨੈਲ ਸਿੰਘ (ਆਲ ਇੰਡੀਆ ਫੂਡਜ਼)
ਖਜ਼ਾਨਚੀ — ਇੰਦਰਜੀਤ ਸਿੰਘ ਪਨੇਸਰ (ਵੀਡੀਓ ਸ਼ੋਪ)
ਮੈਂਬਰਜ਼
ਸੁੱਚਾ ਸਿੰਘ ਕਲੇਰ(ਸ਼ਾਨ ਸਾੜੀਜ਼)
ਦੀਦਾਰ ਸਿੰਘ ਬੈਂਸ (ਈਸਟ ਵੈਸਟ ਕੁਆਲਿਟੀ ਵੇਅਰ)
ਮੁੰਕਦ ਮਾਕੰਜੀ (ਮਿਕੰਜੀ ਜਿਊਲਰਜ)

---


Westminster Chevrolet - Oldsmobile

1983 ਦੇ GM ਦੇ ਗਰੈਂਡ ਸੇਲਜ਼ ਮਾਸਟਰ!


ਗੁਰਜੀਤ ਬਾਵਾ ਢੀਂਡਸਾ

● ਚੰਗੀ ਕਾਰ ● ਵਧੀਆ ਡੀਲ ● ਤਜਰਬੇਕਾਰ ਸੇਲਜ਼

ਕਾਰ, ਵੈਨ ਜਾਂ ਟਰੱਕ ਖ਼ਰੀਦਣ ਤੋਂ ਪਹਿਲਾਂ ਆਪਣੇ
ਪਿਆਰੇ ਸੇਲਜ਼ਮੈਨ ਕਨਸਲਟੈਂਟ
ਗੁਰਜੀਤ ਸਿੰਘ ਢੀਂਡਸਾ ਨੂੰ ਮਿਲੋ

GM

Bus. 521-7731 Pager 687-1985 #5531



Gurjit (Bawa) Dhindsa 12th. Street at Queens Ave., New Westminster, B.C.

# ਕਨੇਡੀਅਨ ਪੰਜਾਬੀ ਸਾਹਿਤ ਸਮਾਗਮ



## ਸਾਹਿਤ ਸਮਾਗਮ

**ਕੈਨੇਡਾ ਵਿਚ ਪੰਜਾਬੀ ਸਾਹਿਤਕ ਪਰਚਿਆਂ ਉਤੇ ਵਿਚਾਰ ਵਟਾਂਦਰਾ, ਪ੍ਰਦਰਸ਼ਨੀ ਅਤੇ ਸਭਿਆਚਾਰਕ ਪ੍ਰੋਗਰਾਮ**

## 8 ਅਤੇ 9 ਅਗਸਤ, 1987

### ਸ਼ਨਿਚਰਵਾਰ ਅਤੇ ਐਤਵਾਰ ਨੂੰ

### ਕਲਾਰਨੀ ਕਮਿਊਨਿਟੀ ਸੈਂਟਰ

### ਵੈਨਕੂਵਰ, ਬੀ. ਸੀ. ਕੈਨੇਡਾ ਵਿਚ


### ਪੰਜਾਬੀ ਲੇਖਕ ਮੰਚ ਵੈਨਕੂਵਰ

**P.O.BOX 67344 Stn. 'O'**
**VANCOUVER, B.C. CANADA V5W 3T1**


## ਸਾਹਿਤ ਸਮਾਗਮ ਦੇ ਉਦੇਸ਼

ਸਾਹਿਤ ਸਮਾਗਮ ਦੇ ਮੁਖ ਉਦੇਸ਼ ਇਹ ਹਨ :

(ੳ) ਕੈਨੇਡਾ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਪ੍ਰਫੁੱਲਤਾ ਵਿਚ ਹਿਸਾ ਪਾਉਣਾ ।


TOTALLY

GM

*AWESOME*

CAMARO

ਨਵੀਂ ਜਾਂ ਪੁਰਾਣੀ ਕਾਰ ਲੱਭ ਰਹੇ ਹੋ?

ਵਧੀਆ ਕੀਮਤ, ਚੰਗੀ ਸਰਵਿਸ ਤੇ FREE SMILE, ਕਾਰ ਨਵੀਂ ਲਵੋ ਜਾਂ ਪੁਰਾਣੀ, ਹਰ ਕਾਰ ਤੇ ਗਰੰਟੀ, ਲੋਨ ਦਾ ਪੂਰਾ ਇੰਤਜ਼ਾਮ, ਤੁਹਾਡੀ ਪੁਰਾਣੀ ਕਾਰ ਦੇ ਟਰੇਡ - ਇਨ ਵਿਚ ਚੰਗੇ ਪੈਸੇ, ਤੁਹਾਡੇ ਆਪਣੇ ਜੀ ਜਾਣੇ ਪਛਾਣੇ ਸੇਲਜ਼ਮੈਨ ਸੁਖੀ ਬਾਠ ਹੁਣੀ ਟਾਊਨ ਸੈਂਟਰ ਤੇ ਦੁਆ ਸਕਦੇ ਹਨ । 150 ਤੋਂ ਵੱਧ ਪੁਰਾਣੀਆਂ, 300 ਤੋਂ ਵੱਧ ਨਵੀਆਂ ਕਾਰਾਂ, ਟੱਕਰ ਹਨ ।



- 5 Speed Transmission
- 2.8 L Engine
- Rear Defroster
- Eagle GT Tires
- Rally Wheels

1 ROC CAMARO LT

FROM $12,856

35 CAMARO AVAILABLE



ਸੁਖੀ ਬਾਠ

TOWN CENTRE CHEVROLET OLDSMOBILE LTD.

15250 - 104th. AVE., SURREY, B.C. V3R 6N8

ਹੋਰ ਜਾਣਕਾਰੀ ਲਈ ਅੱਜ ਹੀ ਮਿਲੋ ਜਾਂ ਫੋਨ ਕਰੋ

PHONE (604) 584-7411

BUS. 584-7411 DIRECT PAGER: 645-3597



# TOOR SPICES

**6669 FRASER ST., VANCOUVER, B.C.**

**PH. 324-3432**

ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੌਸਰੀ ਖਰੀਦਣ ਤੇ ਸਪੈਸ਼ਲ ਡਿਸਕਾਊਂਟ ਹੋਵੇਗਾ

# SINGH FOODS

**6684 MAIN ST., (AT 51st. AVE.) VANCOUVER, B.C.**

**PH. 327-4911**

(ਅ) ਏਥੋਂ ਦੇ ਸਾਡੇ ਸਭਿਆਚਾਰ ਵਿਚ ਪੰਜਾਬੀ ਸਾਹਿਤ ਨੂੰ ਯੋਗ ਸਥਾਨ ਅਤੇ ਮਹੱਤਤਾ ਦੁਆਉਣਾ ।

(ੲ) ਕਨੇਡੀਅਨ ਪੰਜਾਬੀ ਸਾਹਿਤ ਨੂੰ ਕੈਨੇਡਾ ਦੇ ਮੁਖ ਧਾਰਾ ਸਾਹਿਤ ਅਤੇ ਸਭਿਆਚਾਰ ਦਾ ਅੰਗ ਬਨਾਉਣਾ ।

## ਸਾਹਿਤ ਸਮਾਗਮ ਲਈ ਹੇਠ ਲਿਖੀਆਂ ਮੁਖ ਸਰਗਰਮੀਆਂ ਉਲੀਕੀਆਂ ਗਈਆਂ ਹਨ :

1. ਪੰਜਾਬੀ ਸਾਹਿਤ ਅਤੇ ਸਭਿਆਚਾਰ ਉਤੇ ਲਿਖਵਾਏ ਗਏ ਪਰਚਿਆਂ ਉਤੇ ਚਾਰ ਸੈਸ਼ਨ ਕੀਤੇ ਜਾਣਗੇ ਜਿੰਨ੍ਹਾਂ ਵਿਚ ਪਰਚਿਆਂ ਉਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ ।
2. ਸਵੀਕਾਰਤ ਸਾਰੇ ਪਰਚੇ ਲੇਖਕ ਮੰਚ ਵਲੋਂ ਛਾਪਣ ਦਾ ਪ੍ਰਬੰਧ ਕੀਤਾ ਜਾਵੇਗਾ ।
3. ਇਕ ਕਵੀ ਦਰਬਾਰ ਵੀ ਕੀਤਾ ਜਾਵੇਗਾ ਜਿਸ ਵਿਚ ਸਥਾਨਕ ਅਤੇ ਬਾਹਰੋਂ ਆਏ ਕਵੀ ਭਾਗ ਲੈ ਸਕਣਗੇ ।
4. ਸਮਾਗਮ ਉਤੇ ਦੋਨੋਂ ਦਿਨ ਪੁਸਤਕਾਂ, ਸਾਹਿਤਕ ਪਰਚਿਆਂ, ਤਸਵੀਰਾਂ ਅਤੇ ਹੋਰ ਕਲਾ ਕਿਰਤਾਂ ਦੀ ਪ੍ਰਦਰਸ਼ਨੀ ਕੀਤੀ ਜਾਵੇਗੀ ।
5. ਸਥਾਨਕ ਅਤੇ ਕੈਨੇਡਾ ਦੇ ਹੋਰਨਾਂ ਹਿੱਸਿਆਂ ਤੋਂ ਆਏ ਲੇਖਕਾਂ ਅਤੇ ਕਲਾਕਾਰਾਂ ਦੇ ਆਪਸੀ ਮੇਲ ਜੋਲ ਵਧਾਉਣ ਅਤੇ ਸਾਹਿਤਕ ਵਿਚਾਰ ਵਟਾਂਦਰਾ ਕਰਨ ਲਈ ਇਕ ਡਿੱਨਰ ਮੀਟਿੰਗ ਦਾ ਪ੍ਰਬੰਧ ਕੀਤਾ ਜਾਵੇਗਾ ।

## ਪੰਜਾਬੀ ਲੇਖਕ ਮੰਚ ਵੈਨਕੂਵਰ

ਪੰਜਾਬੀ ਲੇਖਕ ਮੰਚ, ਵੈਨਕੂਵਰ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕਿਆਂ ਵਿਚ ਵਸਦੇ ਪੰਜਾਬੀ ਲੇਖਕਾਂ ਦੀ ਜੱਥੇਬੰਦੀ ਹੈ। ਇਹ ਲੇਖਕ ਪਿਛਲੇ ਡੇਢ ਦਹਾਕੇ ਤੋਂ ਸਾਹਿਤਕ ਅਤੇ ਸਭਿਆਚਾਰਕ ਤੌਰ ਤੇ ਸਰਗਰਮ ਹਨ ।

ਲੇਖਕ ਮੰਚ ਦੀ ਹਰ ਮਹੀਨੇ ਬਾਕਾਇਦਾ ਸਾਹਿਤਕ ਮੀਟਿੰਗ ਹੁੰਦੀ ਹੈ ਜਿਸ ਵਿਚ ਕਵਿਤਾਵਾਂ, ਕਹਾਣੀਆਂ, ਨਾਟਕ, ਅਨੁਵਾਦ, ਪੁਸਤਕ ਪੜਚੋਲ, ਸਾਹਿਤ ਸਮਾਚਾਰ ਅਤੇ ਸਾਹਿਤ ਸਬੰਧੀ ਹੋਰ ਲਿਖਤਾਂ ਪੜ੍ਹੀਆਂ ਅਤੇ ਵਿਚਾਰੀਆਂ ਜਾਂਦੀਆਂ ਹਨ । ਲੇਖਕ ਮੰਚ ਦਾ ਮੁਖ ਆਸ਼ਾ ਕੈਨੇਡਾ ਵਿਚ ਮੌਲਕ ਪੰਜਾਬੀ ਸਾਹਿਤ ਦੀ ਸਿਰਜਣਾਂ ਨੂੰ ਉਤਸ਼ਾਹਤ ਕਰਨਾ ਹੈ। ਲੇਖਕ ਮੰਚ ਦੀਆਂ ਮੀਟਿੰਗਾਂ ਬਾਰੇ ਸਮੇਂ ਸਮੇਂ ਬਾਹਰੋਂ ਆਏ ਅਤੇ ਦੂਜੀਆਂ ਭਾਸ਼ਾਵਾਂ ਦੇ ਲੇਖਕ ਵੀ ਹਿੱਸਾ ਲੈਂਦੇ ਰਹੇ ਹਨ। ਮੰਚ ਵਲੋਂ ਕਵੀ ਦਰਬਾਰ, ਰੇਡੀਓ ਕਵਿਤਾ ਪਾਠ, ਪੁਸਤਕ ਸਮਾਰੋਹ ਅਤੇ ਪਰਦਰਸ਼ਨੀਆਂ ਵੀ ਕੀਤੀਆਂ ਜਾਂਦੀਆਂ ਹਨ । ਮੰਚ ਦੇ ਮੈਂਬਰ ਸਮੇਂ ਸਮੇਂ ਅੰਗਰੇਜ਼ੀ ਕਵਿਤਾ ਪਾਠਾਂ ਵਿਚ ਵੀ ਹਿੱਸਾ ਲੈਂਦੇ ਹਨ ।

## ਸਾਹਿਤ ਸਮਾਗਮ ਦਾ ਪ੍ਰਬੰਧ

ਅਗਸਤ 1987 ਵਿਚ ਆਯੋਜਤ ਕੀਤਾ ਜਾ ਰਿਹਾ ਸਾਹਿਤ ਸਮਾਗਮ ਲੇਖਕ ਮੰਚ ਦਾ ਇਸ ਪੱਧਰ ਉਤੇ ਪਹਿਲਾ ਯਤਨ ਹੈ । ਸਮਾਗਮ ਦੀ ਪਾਲਿਸੀ, ਡਾਇਰੈਕਸ਼ਨ ਅਤੇ ਪ੍ਰਬੰਧ ਲੇਖਕ ਮੰਚ ਦੇ ਹੱਥਾਂ ਵਿਚ ਹੋਵੇਗਾ। ਵੱਖਰੇ ਵੱਖਰੇ ਕਾਰਜਾਂ ਲਈ ਮੰਚ ਵਲੋਂ ਛੇ ਕਮੇਟੀਆਂ ਨਿਯੁਕਤ ਕੀਤੀਆਂ ਗਈਆਂ ਹਨ । ਸਾਹਿਤ ਸਮਾਗਮ ਦੇ ਸਮੁੱਚੇ ਪ੍ਰੋਗਰਾਮ ਅਤੇ ਪਰਚਿਆਂ ਦਾ ਵਿਸਥਾਰ ਜੂਨ 1987 ਵਿਚ ਪ੍ਰਕਾਸ਼ਤ ਕੀਤਾ ਜਾਵੇਗਾ।

ਸਾਹਿਤ ਸਮਾਗਮ ਵਿਚ ਹਿੱਸਾ ਲੈਣ ਲਈ ਜਾਂ ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਫੋਨ ਕਰੋ ਜਾਂ ਹੇਠ ਲਿਖੇ ਐਡਰੈਸ ਤੇ ਖਤ ਪੱਤਰ ਕਰੋ :

**ਗੁਰਚਰਨ ਰਾਮਪੁਰੀ : 986-2883 ; ਅਜਮੇਰ ਰੋਡੇ : 276-2735**
**ਸਾਧੂ : 437-9014 ; ਦਰਸ਼ਨ ਗਿੱਲ : 581-4473**
**ਅਮਰਜੀਤ ਸੂਫ਼ੀ : 581-7811 ; ਮੱਖਣ ਟੁੱਟ : 437-5666**

**ਪੰਜਾਬੀ ਲੇਖਕ ਮੰਚ ਵੈਨਕੂਵਰ**
P.O. BOX 67344 Stn. 'O'
VANCOUVER, B.C. CANADA V5W 3T1

### ਬੱਸ

ਕਿੰਨੀ ਅਜੀਬ ਘਟਨਾ ਸੀ
ਸੜਕ ਤੇ ਖੜ੍ਹੀ
ਇਕ ਬੱਸ ਸਿਸਕ ਰਹੀ ਸੀ
ਇਸ ਤਰਾਂ
ਜਿਵੇਂ ਇਕ ਬੇਸਮਝ ਬੱਚਾ
ਕਿਸੇ ਭਿਆਨਕ ਘਟਨਾ ਨੂੰ ਸਮਝ
ਨਹੀਂ ਸਕਦਾ ਹੈ


# CHIPS
## POULTRY & FARM PRODUCE
3711 No.5 ROAD, RICHMOND, B.C.

ਕੁੱਕੜ ਦਾ, ਬੱਕਰੇ ਦਾ ਤੇ ਲੈਂਬ ਦਾ ਤਾਜ਼ਾ ਮੀਟ ਲੈਣ ਲਈ ਅੱਜ ਹੀ ਚਿਪਸ ਪੋਲਟਰੀ ਤੇ ਪਹੁੰਚੋ!
ਕੀਮਤਾਂ ਇੰਨੀਆਂ ਘੱਟ ਕਿ ਤੁਸੀਂ ਦੇਖ ਕੇ ਹੈਰਾਨ ਹੀ ਰਹਿ ਜਾਓਗੇ!

ਜ਼ਿਆਦਾ (Bulk Meat) ਖਰੀਦਣ ਤੇ ਭਾਰੀ ਡਿਸਕਾਊਂਟ ਦਿੱਤਾ ਜਾਵੇਗਾ!

FOR MORE INFORMATION
PHONE BABUL 278-0947

| ਮੈਦਾ<br>All Purpose Flour<br>$4.69<br>MAIDA, 10 kg.<br>(ONLY WEEKEND WITH GROCERY) | ਬਦਾਮ<br>ALMONDS<br>LB. $2.99 |
|---|---|

# ALL INDIA FOODS

6634 MAIN STREET, VANCOUVER, B.C.

**PH. (604) 324-1686**

ਹਰ ਮੰਗਲਵਾਰ ਨੂੰ ਅਸੀਂ ਸਪੈਸ਼ਲ ਸਪੈਸ਼ਲ ਸੇਲ
ਲਾਉਂਦੇ ਹਾਂ । ਆ ਕੇ ਦੇਖੋ

**ਆਲ ਇੰਡੀਆ ਫੂਡਜ਼ ਅਤੇ ਖਾਲਸਾ ਮੇਨ ਫੂਡਜ਼ ਤੋਂ ਤੁਹਾਨੂੰ ਇੰਡੀਆ ਦੀਆਂ ਸਬਜ਼ੀਆਂ ਤੇ ਫਲ ਮਿਲਿਆ ਕਰਨਗੇ**

| | |
|---|---|
| **ਗੋਲਡਨ ਟੈਂਪਲ ਤੇ ਫਰੀਨ ਆਟਾ**<br>2x10 KG. (ONLY WEEKEND) $9.99 | **ਭਾਰੀ ਸਟੀਲ ਦੀ ਟਰੇਅ**<br>(ਚਾਰ ਖੂੰਜਿਆਂ ਵਾਲੀ, ਜਿਸ ਵਿਚ Portions ਹਨ)<br>REG. $10<br>SALE $7.99 |

| | | |
|---|---|---|
| ਸੇਵੀਆਂ ਵਾਲੀਆਂ ਮਸ਼ੀਨਾਂ<br>No. 6- Reg. $10.99<br>NOW ONLY $6.99 | ਹਰੀਆਂ ਲਾਚੀਆਂ<br>GREEN LACHIES<br>LB. $9.99 | 7 ਅੱਪ/ਪੈਪਸੀ<br>7 UP/PEPSI<br>LIMIT<br>WEEKEND ONLY<br>(PLUS DEPOSIT)<br>**ਸਪੈਸ਼ਲ** |

| | | | |
|---|---|---|---|
| ਕਾਲੇ ਛੋਲੇ<br>BLACK CHANNA<br>LB. 49¢ | ਮਾਂਹ ਸਾਬਤ<br>MANH WHOLE<br>LB. 49¢ | ਚਨਾ ਦਾਲ<br>CHANNA DAAL<br>LB. 49¢ | ਮੁਰੱਬੇ<br>ਹਰੜਾਂ, ਔਲੇ ਤੇ ਸੇਬ ਦੇ ਮੁਰੱਬੇ ਤੇ ਗੁਲਕੰਦ<br>**ਸਪੈਸ਼ਲ** |
| ਹਲਦੀ, ਮਿਰਚਾਂ<br>HALDI MIRCHAN<br>LB. 99¢ | ਸੇਵੀਆਂ<br>SEWIAN (Vegetarian)<br>3 pkt. for 99¢ | ਧੋਤੀ ਮੂੰਗੀ<br>MOONGI WASHED<br>LB. 49¢ | ਮਟਰਾਂ ਦੀ ਦਾਲ<br>SPLIT PEAS DAAL<br>LB. 39¢ |
| ਬਾਸਮਤੀ ਚੌਲ<br>BASMATI RICE<br>LB. 59¢ | ਰੂਅਫਜ਼ਾ ਤੇ ਹੋਰ ਕਈ ਤਰ੍ਹਾਂ ਦੇ ਸ਼ਰਬਤ<br>ROOAFZA<br>BOTTLE $3.99 | ਪੰਜਾਬੀ ਟੀਂਡੇ<br>TINDA IN CANS<br>EA. 79¢ | ਅਰਕ<br>ਗੁਲਾਬ, ਸੌਂਫ, ਕਾਹਜਵਾਨ, ਚਅਰਕਾ<br>**ਸਪੈਸ਼ਲ** |

Anniv

SA

PRICES EFFECTIVE FRO

ersary

E!

JULY 1-JULY 15/87

| ਡੇਅਰੀਲੈਂਡ ਦੁੱਧ<br>DAIRYLAND MILK<br>(ONLY JUG) ਜੱਗ<br>4 L. $2.99 | ਬੀ. ਸੀ. ਖੰਡ<br>B.C.SUGAR<br>10 kg. $4.99<br>LIMIT — ONLY WEEKEND WITH GROCERY |
|---|---|

# KHALSA MAIN FOODS CENTRE 1985

6681 MAIN ST., VANCOUVER, B.C.
PH. (604) 324-2195

ਇੰਡੀਆ ਦੇ ਝਾਵੇਂ
ਬੰਬਈ ਸਟਾਈਲ

ਇੰਡੀਆ ਦੀਆਂ ਸਬਜ਼ੀਆਂ ਤੇ ਫਲ, ਟੀਂਡੇ, ਬੇਰ, ਲੁਗਾਠਾਂ, ਤਰਾਂ ਆਦਿ ਸਭ ਸਮਾਨ ਛੇਤੀ ਹੀ ਪਹੁੰਚ ਰਿਹਾ ਹੈ

| | | | |
|---|---|---|---|
| ਚਿਕਨ ਲੈਗਜ਼<br>CHICKEN LEGS — "FRESH"<br>LB. WEEKEND ONLY 99¢ | | ਹਰੀ ਮੂੰਗੀ ਸਾਬਤ<br>WHOLE MOONGI<br>LB. 33 ¢ | ਅਦਰਕ ਤੇ ਲਸਣ ਚੀਰਨ ਵਾਲਾ ਗਰਾਈਂਡਰ<br>REG. $6.99 SALE $3.99 |
| ਅਦਰਕ, ਲਸਣ<br>GINGER GARLIC<br>LB. 89¢ | ਸਸਤੇ ਭਾਅ ਤੇ ਕੇਸਰੀ ਜੀਵਨ ਚੂਰਨ ਹਜ਼ਮੋਲਾ ਗੋਲੀ ਤੇ<br>ਹੋਰ ਕਈ ਪ੍ਰਕਾਰ ਦੇ ਚੂਰਨ | ਪਚਰੰਗਾ ਅਚਾਰ<br>PACHRANGA PICKLE<br>400 gms. Tin $1.49 | ਵੈਜੀਟੇਬਲ ਤੇਲ<br>VEGETABLE OIL<br>3 L. $2.49 |
| ਪਾਪੜ<br>PAPAD<br>PCK 89¢ | ਸੌਗੀ ਖੁੱਲ੍ਹੀ<br>RAISIN (Loose)<br>LB. 89¢ | ਗਲਾਸ 7" ਉੱਚਾ<br>GLASS 7" HIGH<br>Ea. $1.49 (PLUS TAX) | ਕੌਮੈੱਟ<br>COMET<br>600 gm. 99¢ |
| ਮੱਕੀ ਦਾ ਤੇਲ<br>CORN OIL<br>3 L. $4.99 | ਖੁੱਲ੍ਹੀਆਂ ਨਵੀਆਂ ਤਾਜ਼ੀਆਂ<br>ਵੜੀਆਂ ਸੋਇਆਬੀਨ<br>VARIAN SOYABEAN<br>SPECIAL<br>ਸਪੈਸ਼ਲ | ਮੱਕੀ ਦਾ ਆਟਾ<br>CORN FLOUR<br>2 kg. $1.89 | ਮਟਰਾਂ ਦਾ ਆਟਾ<br>PEAS FLOUR<br>2 kg. $1.89 |
| ਛੋਲਿਆਂ ਦਾ ਆਟਾ<br>CHANNA FLOUR<br>10 lbs. $4.99 | ਸ਼ਗਨਾਂ ਦੇ ਥਾਲ<br>ਵਿਆਹ ਸ਼ਾਦੀ ਸਮੇਂ ਵਰਤਣ ਲਈ<br>SHAGNA DE THAAL REG. $15.99<br>$9.99 | ਮਸਾਲੇ ਲਈ ਡੱਬੇ<br>MASALA CONTAINER<br>REG. $16.99<br>SALE $10.99 | ਸ਼ਗਨਾਂ ਦੇ ਥਾਲ<br>REG. $17.99<br>SALE $11.99 PLUS TAX |

2nd class Mail Reg. No. 6794
Monthly Magazine
The
Lokta
P.O.Box 67534 STN.'O'
VANCOUVER, B.C. V5W 3T9





SHAN
SAREES &
DRAPERY LTD.

ਪੰਜਾਬੀ ਮਾਰਕਿਟ ਵਿੱਚ ਆਉਣ ਸਮੇਂ ਹੋਰ ਛਾਂਗੀਆਂ ਗਈਆਂ ਕੀਮਤਾਂ ਤੇ ਨਵੇਂ ਪੁੱਜੇ ਮਾਲ ਨੂੰ ਦੇਖੇ ਬਗੈਰ ਨਾ ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜ੍ਹੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਣ ਦੇ ਮੁਫਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾਂ ਹੀ ਕੁਝ ਨਾ ਕੁਝ ਜ਼ਰੂਰ OFF ਮਿਲਦਾ ਹੈ।

ਕੋਈ ਵੀ ਚੀਜ਼ ਖ਼੍ਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ
ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ ਖੁਸ਼ੀ ਮਹਿਸੂਸ ਕਰੇਗਾ।

ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

6543 MAIN ST. [BETWEEN 49TH. & 50TH.]
VANCOUVER, PH: 321-1955. 321-0847